Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 125 23/09/2025 www.samajweekly.com samajweekly @samajweekly samajweekly

ਹਰ ਪਰਿਵਾਰ ਨੂੰ ਮਿਲੇਗਾ 10 ਲੱਖ ਤੱਕ ਦਾ ਮੁਫ਼ਤ ਇਲਾਜ: ਮੁੱਖ ਮੰਤਰੀ ਮਾਨ

ਮੰਗਲਵਾਰ ਤੋਂ ਤਰਨ ਤਾਰਨ ਅਤੇ ਬਰਨਾਲਾ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਜਾਵੇਗੀ ਯੋਜਨਾ

ਚੰਡੀਗੜ੍ਹ। ਪੰਜਾਬ ਸਰਕਾਰ ਮੰਗਲਵਾਰ ਨੂੰ ਆਪਣੀ ਸਿਹਤ ਬੀਮਾ ਯੋਜਨਾ ਸ਼ੁਰੂ ਕਰਨ ਜਾ ਰਹੀ ਹੈ, ਜਿਸ ਤਹਿਤ ਪ੍ਰਤੀ ਪਰਿਵਾਰ 10 ਲੱਖ ਰੁਪਏ ਤੱਕ ਦਾ ਮੁਫ਼ਤ ਸਿਹਤ ਇਲਾਜ ਯਕੀਨੀ ਬਣਾਇਆ ਜਾਵੇਗਾ। ਇਹ ਯੋਜਨਾ ਪਹਿਲਾਂ ਤਰਨ ਤਾਰਨ ਅਤੇ ਬਰਨਾਲਾ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਜਾ ਰਹੀ ਹੈ। ਜਿੱਥੇ ਕੱਲ੍ਹ ਤੋਂ ਦੋਵਾਂ ਜ਼ਿਲ੍ਹਿਆਂ ਵਿੱਚ 128-128 ਕੈਂਪ ਲਗਾਏ ਜਾਣਗੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, ''ਲੋਕਾਂ ਨੂੰ ਆਪਣੇ ਵੋਟਰ ਆਈ.ਡੀ. ਕਾਰਡ, ਆਧਾਰ ਕਾਰਡ ਅਤੇ ਪਾਸ-ਪੋਰਟ ਦੀਆਂ ਕਾਪੀਆਂ ਰਜਿਸਟ੍ਰੇਸ਼ਨ ਫਾਰਮ ਦੇ ਨਾਲ ਉਨ੍ਹਾਂ ਨੂੰ ਜਮ੍ਹਾ ਕਰਨਾ ਪਵੇਗਾ, ਤਾਂ ਜੋ ਉਹ ਮੁਫ਼ਤ ਸਿਹਤ ਬੀਮਾ ਪ੍ਰਾਪਤ ਕਰਨ ਦੇ ਯੋਗ ਹੋ ਸਕਣ। ਉਨ੍ਹਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾਣਗੇ।'' ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਸਾਰੇ ਸਰਕਾਰੀ ਸਿਹਤ ਸੰਸਥਾਵਾਂ ਪਹਿਲਾਂ ਹੀ ਇਸ ਯੋਜਨਾ ਵਿੱਚ ਸ਼ਾਮਲ ਹਨ, ਉੱਥੇ

ਲਗਭਗ 500 ਨਿੱਜੀ ਹਸਪਤਾਲਾਂ ਨੂੰ ਵੀ ਸੂਚੀਬੱਧ ਕੀਤਾ ਗਿਆ ਹੈ ਅਤੇ ਉਹ ਯੋਜਨਾ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਮੁਫ਼ਤ ਕੈਸ਼ਲੈੱਸ ਬੀਮਾ ਦੇਣਗੇ। ਮਾਨ ਨੇ ਕਿਹਾ, ''ਇੱਕ ਸਾਲ ਵਿੱਚ ਪਰਿਵਾਰ ਵਿੱਚ ਇਲਾਜ ਕਰਵਾਉਣ ਵਾਲੇ ਲੋਕਾਂ ਦੀ ਗਿਣਤੀ ਦੀ ਪਰਵਾਹ ਕੀਤੇ ਬਿਨਾਂ, ਹਰੇਕ ਪਰਿਵਾਰ 10 ਲੱਖ ਤੱਕ ਦੀਆਂ 2,000 ਬਿਮਾਰੀਆਂ ਦਾ ਮੁਫ਼ਤ ਇਲਾਜ ਕਰਵਾ ਸਕਦਾ ਹੈ।'' ਮਾਨ ਨੇ ਇਹ ਵੀ ਐਲਾਨ ਕੀਤਾ ਕਿ ਉਹ ਆਮ ਆਦਮੀ ਕਲੀਨਿਕਾਂ ਦੀ ਗਿਣਤੀ ਮੌਜੂਦਾ 881 ਤੋਂ ਵਧਾ ਕੇ 1,000 ਕਰਨ ਜਾ ਰਹੇ ਹਨ।

ਇੰਦੌਰ ਵਿੱਚ ਤਿੰਨ ਮੰਜ਼ਿਲਾ ਇਮਾਰਤ ਡਿੱਗੀ; ਮਲਬੇ ਹੇਠ ਕਈ ਜਣੇ ਫਸੇ, ਸੱਤ ਜਣਿਆਂ ਨੂੰ ਬਾਹਰ ਕੱਢਿਆ

ਇੰਦੌਰ, ਮੱਧ ਪ੍ਰਦੇਸ਼ ਦੇ ਇੰਦੌਰ ਵਿਚ ਅੱਜ ਰਾਤ ਵੇਲੇ ਮੀਂਹ ਦੌਰਾਨ ਇੱਕ ਤਿੰਨ ਮੰਜ਼ਿਲਾ ਇਮਾਰਤ ਡਿੱਗ ਗਈ ਜਿਸ ਤੋਂ ਬਾਅਦ ਸੱਤ ਜਣਿਆਂ ਨੂੰ ਬਾਹਰ ਕੱਢ ਲਿਆ ਗਿਆ ਜਦਕਿ ਕੁਝ ਹੋਰਾਂ ਦੇ ਮਲਬੇ ਹੇਠਾਂ ਦੱਬੇ ਹੋਣ ਦਾ ਖਦਸ਼ਾ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਰਾਣੀਪੁਰਾ ਇਲਾਕੇ ਵਿਚ ਵਾਪਰੀ। ਜਾਣਕਾਰੀ ਮੁਤਾਬਕ ਇਹ ਇਮਾਰਤ 8-10 ਸਾਲ ਪੁਰਾਣੀ ਸੀ ਤੇ ਇਮਾਰਤ ਦਾ ਇੱਕ ਹਿੱਸਾ ਨਾਲ ਲੱਗਦੀ ਇਮਾਰਤ 'ਤੇ ਡਿੱਗ ਗਿਆ। ਇਹ ਪਤਾ ਲੱਗਿਆ ਹੈ ਕਿ ਦਰਜਨ ਦੇ ਕਰੀਬ ਲੋਕ ਮਲਬੇ ਹੇਠਾਂ ਦੱਬੇ ਦੱਸੇ ਜਾ ਰਹੇ ਹਨ। ਇਨ੍ਹਾਂ ਵਿੱਚੋਂ ਸੱਤ ਨੂੰ ਬਚਾ ਲਿਆ ਗਿਆ ਹੈ। ਬਾਕੀਆਂ ਨੂੰ ਬਾਹਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਮੇਅਰ ਪੁਸ਼ਿਆਮਿਤਰਾ ਭਾਰਗਵ ਨੇ ਸਾਂਝੀ ਕੀਤੀ। ਇੱਕ ਅਧਿਕਾਰੀ ਨੇ ਦੱਸਿਆ ਕਿ ਸੀਨੀਅਰ ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਬਚਾਅ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ।

ਮਾਣਹਾਨੀ ਨੂੰ ਅਪਰਾਧ ਦੀ ਸ਼੍ਰੇਣੀ 'ਚੋਂ ਕੱਢਣ ਦਾ ਸਮਾਂ ਆ ਗਿਆ ਹੈ : ਸੁਪਰੀਮ ਕੋਰਟ

ਨਵੀਂ ਦਿੱਲੀ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਮਾਣਹਾਨੀ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰਨ ਦਾ ਸਮਾਂ ਆ ਗਿਆ ਹੈ। ਜਸਟਿਸ ਐਮ.ਐਮ. ਸੁੰਦਰੇਸ਼ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦੀ ਸਾਬਕਾ ਪ੍ਰੋਫੈਸਰ ਅਮਿਤਾ ਸਿੰਘ ਵਲੋਂ ਦਾਇਰ ਮਾਨਹਾਨੀ ਦੇ ਮਾਮਲੇ ਵਿਚ ਆਨਲਾਈਨ ਨਿਊਜ਼ ਪੋਰਟਲ 'ਦਿ ਵਾਇਰ' ਨੂੰ ਜਾਰੀ ਕੀਤੇ ਗਏ ਸੰਮਨ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਇਹ ਟਿੱਪਣੀਆਂ ਕੀਤੀਆਂ। ਪਟੀਸ਼ਨ ਉੱਤੇ ਨੋਟਿਸ ਜਾਰੀ ਕਰਨ ਲਈ ਸਹਿਮਤ ਹੁੰਦੇ ਹੋਏ ਜਸਟਿਸ ਸੁੰਦਰੇਸ਼ ਨੇ ਜ਼ੁਬਾਨੀ ਟਿੱਪਣੀ ਕੀਤੀ, ''ਮੈਨੂੰ ਲਗਦਾ ਹੈ ਕਿ ਸਮਾਂ ਆ ਗਿਆ ਹੈ ਕਿ ਇਸ ਸੱਭ ਨੂੰ ਅਪਰਾਧ ਦੀ ਸ਼੍ਰੇਣੀ 'ਚੋਂ ਕਢਿਆ ਜਾਵੇ।'' ਨਿਊਜ਼ ਪੋਰਟਲ ਦੀ ਨੁਮਾਇੰਦਗੀ ਕਰਨ ਵਾਲੇ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਬੈਂਚ ਦੀ ਟਿੱਪਣੀ ਨਾਲ ਸਹਿਮਤੀ ਪ੍ਰਗਟਾਈ। ਸੰਖੇਪ ਬੇਨਤੀਆਂ ਸੁਣਨ ਤੋਂ ਬਾਅਦ, ਅਦਾਲਤ ਨੇ 'ਦਿ ਵਾਇਰ' ਚਲਾਉਣ ਵਾਲੀ 'ਫਾਊਂਡੇਸ਼ਨ ਫਾਰ ਇੰਡੀਪੈਂਡੈਂਟ

ਜਰਨਲਿਜ਼ਮ' ਵਲੋਂ ਦਾਇਰ ਪਟੀਸ਼ਨ ਉੱਤੇ ਪ੍ਰੋਫੈਸਰ ਨੂੰ ਨੋਟਿਸ ਜਾਰੀ ਕੀਤਾ। ਮਾਣਹਾਨੀ ਦਾ ਕੇਸ 2016 ਵਿਚ ਪ੍ਰਕਾਸ਼ਤ ਇਕ ਲੇਖ ਦੇ ਸਬੰਧ ਵਿਚ ਦਾਇਰ ਕੀਤਾ ਗਿਆ ਸੀ। ਫ਼ਰਵਰੀ 2017 'ਚ ਹੇਠਲੀ ਅਦਾਲਤ ਨੇ ਇਸ ਮਾਮਲੇ 'ਚ ਪੋਰਟਲ ਨੂੰ ਸੰਮਨ ਜਾਰੀ ਕੀਤੇ ਸਨ। ਪਿਛਲੇ ਸਾਲ ਸੁਪਰੀਮ ਕੋਰਟ ਨੇ ਸੰਮਨ ਰੱਦ ਕਰ ਦਿੱਤੇ ਸਨ। ਇਸ ਤੋਂ ਬਾਅਦ ਅਦਾਲਤ ਨੇ ਮੈਜਿਸਟਰੇਟ ਨੂੰ ਖ਼ਬਰ ਲੇਖ ਦੀ ਜਾਂਚ ਕਰਨ ਤੋਂ ਬਾਅਦ ਸੰਮਨ ਜਾਰੀ ਕਰਨ ਬਾਰੇ ਨਵਾਂ ਫੈਸਲਾ ਲੈਣ ਲਈ ਕਿਹਾ ਸੀ। ਮੈਜਿਸਟਰੇਟ ਨੇ ਜਨਵਰੀ 2025 ਵਿਚ ਨਿਊਜ਼ ਪੋਰਟਲ ਅਤੇ ਇਸ ਦੇ ਸਿਆਸੀ ਮਾਮਲਿਆਂ ਦੇ ਸੰਪਾਦਕ ਨੂੰ ਦੁਬਾਰਾ ਸੰਮਨ ਜਾਰੀ ਕੀਤੇ ਸਨ। ਮਈ 'ਚ, ਹਾਈਕੋਰਟ ਨੇ ਸੰਮਨ ਨੂੰ ਬਰਕਰਾਰ ਰੱਖਿਆ। ਪਟੀਸ਼ਨਕਰਤਾ ਨੇ ਹਾਈਕੋਰਟ ਦੇ ਹੁਕਮ ਵਿਰੁੱਧ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ।

ਵਿਆਹ ਦੇ ਬੰਧਨ ਵਿਚ ਬੱਝੇ ਹਿਮਾਚਲ ਦੇ ਮੰਤਰੀ ਵਿਕਰਮਾਦਿੱਤਿਆ ਸਿੰਘ

ਹਿਮਾਚਲ। ਹਿਮਾਚਲ ਪ੍ਰਦੇਸ਼ ਦੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਵਿਕਰਮਾਦਿੱਤਿਆ ਸਿੰਘ ਅਤੇ ਪੰਜਾਬ ਦੀ ਡਾ. ਅਮਰੀਨ ਕੌਰ ਅੱਜ ਵਿਆਹ ਦੇ ਬੰਧਨ ਵਿੱਚ ਬੱਝ ਗਏ। ਉਨ੍ਹਾਂ ਨੇ ਚੰਡੀਗੜ੍ਹ ਦੇ ਸੈਕਟਰ 11 ਦੇ ਇੱਕ ਗੁਰਦੁਆਰੇ ਵਿੱਚ ਲਾਵਾਂ ਲਈਆਂ। ਵਿਆਹ ਦੀ ਰਸਮ ਗੁਰਦੁਆਰੇ ਵਿੱਚ ਸਾਦੇ ਢੰਗ ਨਾਲ ਹੋਈ। ਦੋਵਾਂ ਪਾਸਿਆਂ ਦੇ ਸਿਰਫ਼ ਨਜ਼ਦੀਕੀ ਰਿਸ਼ਤੇਦਾਰ ਅਤੇ ਦੋਸਤ ਹੀ ਸ਼ਾਮਲ ਹੋਏ। ਵਿਕਰਮਾਦਿਤਿਆ ਦੇ ਨਾਲ ਉਸ ਦੀ ਮਾਂ ਪ੍ਰਤਿਭਾ ਸਿੰਘ, ਉਸ ਦੀ ਭੈਣ, ਉਸ ਦਾ ਜੀਜਾ ਅਤੇ ਕੁਝ ਦੋਸਤ ਮੌਜੂਦ ਰਹੇ। ਉਥੋਂ ਉਹ ਲਲਿਤ ਹੋਟਲ ਗਏ। ਦੁਪਹਿਰ ਦੇ ਖਾਣੇ ਤੋਂ ਬਾਅਦ ਮੰਤਰੀ ਆਪਣੀ ਪਤਨੀ ਅਮਰੀਨ ਨਾਲ ਸ਼ਿਮਲਾ ਵਾਪਸ ਆ ਜਾਣਗੇ। ਦੁਲਹਨ ਦਾ ਪ੍ਰਵੇਸ਼ ਸਮਾਰੋਹ ਸ਼ਿਮਲਾ ਦੇ ਹੋਲੀ ਲਾਜ ਵਿਖੇ ਹੋਵੇਗਾ। ਡਾ. ਅਮਰੀਨ ਕੌਰ ਸ. ਜੋਤਿੰਦਰ ਸਿੰਘ ਸੇਖੋਂ ਤੇ ਓਪਿੰਦਰ ਕੌਰ ਦੀ ਧੀ ਹਨ ਅਤੇ ਇਸ ਵੇਲੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਸਾਇਕੋਲੋਜੀ ਦੀ ਸਹਾਇਕ ਪ੍ਰੋਫੈਸਰ ਵਜੋਂ ਨਿਯੁਕਤ ਹੈ। ਦੋਹਾਂ ਦੀ ਦੋਸਤੀ ਲਗਭਗ 8-9 ਸਾਲ ਪੁਰਾਣੀ ਹੈ ਜੋ ਹੁਣ ਵਿਆਹ ਵਿਚ ਬਦਲ ਗਈ ਹੈ। ਵਿਕਰਮਾਦਿਤਿਆ ਸਿੰਘ ਦਾ ਇਹ ਦੂਜਾ ਵਿਆਹ ਹੈ।

ਚੰਡੀਗੜ੍ਹ ਵਿਚ ਸਿੱਖ ਰੀਤੀ ਰਿਵਾਜ਼ਾਂ ਨਾਲ ਗੁਰੂ ਘਰ ਵਿਚ ਲਈਆਂ ਲਾਵਾਂ

ਵਿਧਾਇਕ ਰਮਨ ਅਰੋੜਾ ਨੂੰ ਜਬਰੀ ਵਸੂਲੀ ਦੇ ਮਾਮਲੇ ਵਿਚ ਜ਼ਮਾਨਤ ਮਿਲੀ

ਚੰਡੀਗੜ੍ਹ। ਜਬਰਨ ਵਸੂਲੀ ਦੇ ਮਾਮਲੇ ਵਿਚ ਜਲੰਧਰ ਕੇਂਦਰੀ ਦੇ ਵਿਧਾਇਕ ਰਮਨ ਅਰੋੜਾ ਨੂੰ ਜ਼ਮਾਨਤ ਮਿਲ ਗਈ ਹੈ। ਰਮਨ ਅਰੋੜਾ ਖ਼ਿਲਾਫ਼ ਦੋਸ਼ ਲਾਏ ਗਏ ਸਨ ਕਿ ਉਹ ਉਨ੍ਹਾਂ ਕੋਲੋਂ ਮਹੀਨੇ ਵਜੋਂ ਰਕਮ ਵਸੂਲਦੇ ਹਨ। ਇਸ ਮਾਮਲੇ ਵਿਚ ਅੱਜ ਅਦਾਲਤ ਨੇ ਰਮਨ ਅਰੋੜਾ ਦੀ ਜ਼ਮਾਨਤ ਮਨਜ਼ੂਰ ਕਰਨ ਦਾ ਹੁਕਮ ਦਿੱਤਾ। ਇਹ ਵੀ ਪਤਾ ਲੱਗਿਆ ਹੈ ਕਿ ਅੱਜ ਰਾਤ ਤੱਕ ਵਿਧਾਇਕ ਰਮਨ ਅਰੋੜਾ ਜੇਲ੍ਹ ਤੋਂ ਬਾਹਰ ਆ ਸਕਦੇ ਹਨ। ਇਸ ਤੋਂ ਪਹਿਲਾਂ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਰਮਨ ਅਰੋੜਾ ਨੂੰ ਜ਼ਮਾਨਤ ਮਿਲ ਗਈ ਸੀ। ਹਾਲਾਂਕਿ ਵਿਧਾਇਕ ਰਮਨ ਅਰੋੜਾ ਦੇ ਜੇਲ੍ਹ ਤੋਂ ਆਉਣ ਤੋਂ ਪਹਿਲਾਂ ਉਨ੍ਹਾਂ ਉੱਪਰ ਠੇਕੇਦਾਰ ਨੇ ਜਬਰੀ ਵਸੂਲੀ ਦੇ ਦੋਸ਼ ਲਾਏ ਸਨ ਜਿਸ ਕਾਰਨ ਪੁਲੀਸ ਨੇ ਰਮਨ ਅਰੋੜਾ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਮੀਂਹ ਰੁਕਦੇ ਹੀ ਪਹਾੜਾਂ ਦਾ ਰੁਖ਼ ਕਰਨ ਲੱਗੇ ਸੈਲਾਨੀ, ਦੋ ਦਿਨ ਹਿਮਾਚਲ ਵਿਚ ਲੱਗੇਗੀ ਧੁੱਪ

ਹਿਮਾਚਲ। ਹਿਮਾਚਲ ਵਿੱਚ ਤਬਾਹੀ ਮਚਾਉਣ ਤੋਂ ਬਾਅਦ, ਮਾਨਸੂਨ ਕਮਜ਼ੋਰ ਹੋ ਗਿਆ ਹੈ। ਪਿਛਲੇ 24 ਘੰਟਿਆਂ ਦੌਰਾਨ ਰਾਜ ਵਿੱਚ ਮੌਸਮ ਪੂਰੀ ਤਰ੍ਹਾਂ ਸਾਫ਼ ਰਿਹਾ। ਅੱਜ ਅਤੇ ਕੱਲ੍ਹ ਵੀ ਧੁੱਪ ਨਿਕਲਣ ਦੀ ਭਵਿੱਖਬਾਣੀ ਕੀਤੀ ਗਈ ਹੈ। ਇਸ ਕਾਰਨ ਤਿੰਨ ਮਹੀਨਿਆਂ ਬਾਅਦ ਸੈਲਾਨੀਆਂ ਦੀ ਆਮਦ ਹੋਈ ਹੈ। ਖਾਸ ਕਰਕੇ ਵੀਕਐਂਡ 'ਤੇ, ਕਸੌਲੀ, ਸ਼ਿਮਲਾ, ਕੁਫ਼ਰੀ ਅਤੇ ਨਾਰਕੰਡਾ ਵਰਗੇ ਸੈਰ-ਸਪਾਟਾ ਸਥਾਨਾਂ 'ਤੇ ਵੱਡੀ ਗਿਣਤੀ ਵਿੱਚ ਸੈਲਾਨੀ ਪਹੁੰਚੇ ਹਨ। ਮੀਂਹ ਰੁਕਣ ਤੋਂ ਬਾਅਦ, ਪਹਾੜਾਂ ਵਿੱਚ ਮੌਸਮ ਸੁਹਾਵਣਾ ਹੋ ਗਿਆ ਹੈ। ਮੌਸਮ ਵਿਭਾਗ ਦੇ ਅਨੁਸਾਰ 24 ਅਤੇ 25 ਸਤੰਬਰ ਨੂੰ ਕੁਝ ਮੱਧ-ਉਚਾਈ ਵਾਲੇ ਖੇਤਰਾਂ ਵਿੱਚ ਹਲਕੀ ਬੂੰਦਾ-ਬਾਂਦੀ ਸੰਭਵ ਹੈ। 26 ਸਤੰਬਰ ਤੋਂ ਮੌਸਮ ਫਿਰ ਸਾਫ਼ ਹੋ ਜਾਵੇਗਾ। ਇਸ ਦੌਰਾਨ, ਮਾਨਸੂਨ ਵੀ ਇਕ ਜਾਂ ਦੋ ਦਿਨਾਂ ਵਿਚ ਵਾਪਸੀ ਕਰ ਸਕਦਾ ਹੈ। ਸੂਬੇ ਤੋਂ ਮਾਨਸੂਨ ਦੇ ਵਾਪਸੀ ਦੀ ਆਮ ਤਾਰੀਖ 25 ਸਤੰਬਰ ਹੈ।

ਇਸ ਮੌਨਸੂਨ ਸੀਜ਼ਨ (1 ਜੂਨ ਤੋਂ 20 ਸਤੰਬਰ ਦੇ ਵਿਚਕਾਰ) ਵਿੱਚ ਪਹਿਲਾਂ ਹੀ ਆਮ ਨਾਲੋਂ 45 ਪ੍ਰਤੀਸ਼ਤ ਵੱਧ ਬਾਰਿਸ਼ ਹੋ ਚੁੱਕੀ ਹੈ। ਇਸ ਸਮੇਂ ਦੌਰਾਨ ਆਮ ਬਾਰਿਸ਼ 708 ਮਿਲੀਮੀਟਰ ਹੁੰਦੀ ਹੈ, ਪਰ ਇਸ ਵਾਰ 1024.1 ਮਿਲੀਮੀਟਰ ਬਾਰਿਸ਼ ਹੋਈ ਹੈ। ਮੰਡੀ ਵਿੱਚ ਸਭ ਤੋਂ ਵੱਧ 1909.5 ਮਿਲੀਮੀਟਰ ਬਾਰਿਸ਼ ਹੋਈ, ਜਿਸ ਤੋਂ ਬਾਅਦ ਕਾਂਗੜਾ ਵਿੱਚ 1900 ਮਿਲੀਮੀਟਰ ਬਾਰਿਸ਼ ਹੋਈ। ਸ਼ਿਮਲਾ ਜ਼ਿਲ੍ਹੇ ਵਿਚ ਆਮ ਨਾਲੋਂ 104 ਪ੍ਰਤੀਸ਼ਤ ਵੱਧ ਬਾਰਿਸ਼ ਹੋਈ ਹੈ ਅਤੇ ਕੁੱਲ ਵਿੱਚ 103 ਪ੍ਰਤੀਸ਼ਤ ਵੱਧ ਬਾਰਿਸ਼ ਹੋਈ ਹੈ। ਇਸ ਭਾਰੀ ਬਾਰਿਸ਼ ਨੇ ਸੂਬੇ ਵਿੱਚ ਤਬਾਹੀ ਮਚਾ ਦਿੱਤੀ ਹੈ। 4,841 ਕਰੋੜ ਰੁਪਏ ਦੀ ਨਿੱਜੀ ਅਤੇ ਸਰਕਾਰੀ ਜਾਇਦਾਦ ਤਬਾਹ ਹੋ ਗਈ ਹੈ ਅਤੇ 9,000 ਤੋਂ ਵੱਧ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਮੁਫ਼ਤ ਅਨਾਜ ਲੈਣ ਵਾਲੇ 11 ਲੱਖ ਲਾਭਪਾਤਰੀਆਂ ਦਾ ਨਾਂ ਕੱਟਣ ਦਾ ਦਿੱਤਾ ਹੁਕਮ

ਨਵੀਂ ਦਿਲੀ। ਕੇਂਦਰ ਸਰਕਾਰ ਨੇ ਕੌਮੀ ਖ਼ੁਰਾਕ ਸੁਰੱਖਿਆ ਐਕਟ ਅਧੀਨ ਪੰਜਾਬ ਦੇ 11 ਲੱਖ ਲਾਭਪਾਤਰੀਆਂ 'ਤੇ ਉਂਗਲ ਉਠਾ ਦਿੱਤੀ ਹੈ। ਕੇਂਦਰ ਨੇ ਅਜਿਹੇ ਸ਼ੱਕੀ ਲਾਭਪਾਤਰੀ ਸ਼ਨਾਖ਼ਤ ਕੀਤੇ ਹਨ ਜਿਹੜੇ ਵਿੱਤੀ ਤੌਰ 'ਤੇ ਸਰਦੇ-ਪੁੱਜਦੇ ਹਨ। ਕੇਂਦਰੀ ਖ਼ੁਰਾਕ ਜਨਤਕ ਵੰਡ ਮੰਤਰਾਲੇ ਨੇ ਇਨ੍ਹਾਂ ਲਾਭਪਾਤਰੀਆਂ ਨੂੰ ਸ਼ੱਕੀ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ 30 ਸਤੰਬਰ ਤੱਕ ਇਨ੍ਹਾਂ ਸ਼ੱਕੀਆਂ ਦੀ ਪੁਸ਼ਟੀ ਕਰਨ ਅਤੇ ਇਨ੍ਹਾਂ ਦੇ ਨਾਮ ਹਟਾਉਣ ਲਈ ਕਿਹਾ ਹੈ। ਇਹ ਸ਼ੱਕੀ ਲਾਭਪਾਤਰੀ ਆਮਦਨ ਕਰ ਭਰ ਰਹੇ ਹਨ, ਪੰਜ ਏਕੜ ਤੋਂ ਵੱਧ ਜ਼ਮੀਨ ਦੇ ਮਾਲਕ ਹਨ ਜਾਂ ਚਾਰ ਪਹੀਆ ਵਾਹਨ ਦੇ ਮਾਲਕ ਹੋਣ ਤੋਂ ਇਲਾਵਾ ਕੰਪਨੀਆਂ 'ਚ ਵੀ ਡਾਇਰੈਕਟਰ ਹਨ। ਕੇਂਦਰੀ ਖ਼ੁਰਾਕ ਮੰਤਰਾਲੇ ਨੇ ਹਾਲ ਹੀ ਵਿਚ ਸਮੁੱਚੇ ਮੁਲਕ 'ਚ ਰਾਸ਼ਨ ਕਾਰਡ ਹੋਲਡਰਾਂ ਦੇ ਰਿਕਾਰਡ ਦਾ ਪੰਜ ਵੱਖ ਵੱਖ ਵਿਭਾਗਾਂ ਨਾਲ ਮਿਲਾਨ ਕੀਤਾ ਹੈ। ਇਨ੍ਹਾਂ ਵਿਭਾਗਾਂ 'ਚ ਕੇਂਦਰੀ ਅਸਿੱਧੇ ਟੈਕਸ ਅਤੇ ਕਸਟਮ ਬੋਰਡ, ਕੇਂਦਰੀ ਡਾਇਰੈਕਟ ਟੈਕਸ ਬੋਰਡ, ਕਾਰਪੋਰੇਟ ਮਾਮਲੇ ਵਿਭਾਗ, ਟਰਾਂਸਪੋਰਟ ਵਿਭਾਗ ਅਤੇ ਖੇਤੀ ਵਿਭਾਗ ਸ਼ਾਮਲ ਹਨ। ਜਦੋਂ ਇਨ੍ਹਾਂ ਵਿਭਾਗਾਂ ਤੋਂ ਲਾਭਪਾਤਰੀਆਂ ਨੂੰ ਕਰਾਸ ਚੈੱਕ ਕੀਤਾ ਤਾਂ ਦੇਸ਼ ਭਰ 'ਚ 8 ਕਰੋੜ ਸ਼ੱਕੀ ਲਾਭਪਾਤਰੀ ਸ਼ਨਾਖ਼ਤ ਹੋਏ ਜੋ ਨਿਰਧਾਰਤ ਸ਼ਰਤਾਂ ਨੂੰ ਪੂਰੀਆਂ ਨਹੀਂ ਕਰਦੇ ਸਨ। ਇਨ੍ਹਾਂ 'ਚ ਪੰਜਾਬ ਦੇ 11 ਲੱਖ ਲਾਭਪਾਤਰੀ ਵੀ ਸ਼ਾਮਲ ਹਨ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਸਰਹੱਦ ਪਾਰੋਂ ਚਲਾਏ ਜਾ ਰਹੇ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫ਼ਾਸ਼

10 ਪਿਸਤੌਲਾਂ, 2.5 ਲੱਖ ਰੁਪਏ ਹਵਾਲਾ ਰਾਸ਼ੀ ਸਮੇਤ ਤਿੰਨ ਗ੍ਰਿਫ਼ਤਾਰ

ਚੰਡੀਗੜ੍ਹ/ਅੰਮ੍ਰਿਤਸਰ। ਖੁਫੀਆ ਇਤਲਾਹ 'ਤੇ ਕਾਰਵਾਈ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰ ਸਪਲਾਈ ਵਿੱਚ ਸ਼ਾਮਲ ਸੰਗਠਿਤ ਹਥਿਆਰ ਅਤੇ ਹਵਾਲਾ ਨੈੱਟਵਰਕ ਦੇ 3 ਕਾਰਕੁੰਨਾਂ ਨੂੰ 10 ਆਧੁਨਿਕ ਹਥਿਆਰਾਂ ਅਤੇ 2.5 ਲੱਖ ਰੁਪਏ ਹਵਾਲਾ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਗਿਰੋਹ ਦਾ ਪਰਦਾਫ਼ਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਮਰਜੀਤ ਸਿੰਘ ਉਰਫ਼ ਬਾਊ (22) ਵਾਸੀ ਮਾਝੀ ਮੇਓ (ਅੰਮ੍ਰਿਤਸਰ), ਮਨਬੀਰ ਸਿੰਘ (26) ਵਾਸੀ ਵਾਨ ਤਾਰਾ ਸਿੰਘ (ਤਰਨਤਾਰਨ) ਅਤੇ ਮੁਹੰਮਦ ਤੌਫੀਕ ਖਾਨ ਉਰਫ਼ ਬੱਬਲੂ (42) ਵਾਸੀ ਗੌਤਮ ਨਗਰ, ਮੁੰਬਈ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਤਿੰਨ .30 ਬੋਰ ਪੀਐਕਸ5 ਪਿਸਤੌਲਾਂ, ਤਿੰਨ 9 ਐਮਐਮ ਗਲਾਕ, ਇੱਕ 9ਐਮਐਮ ਬ੍ਰੇਟਾ ਅਤੇ ਤਿੰਨ .30 ਬੋਰ ਪਿਸਤੌਲ ਸ਼ਾਮਲ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਸਥਿਤ ਹੈਂਡਲਰਾਂ ਦੇ ਸੰਪਰਕ ਵਿੱਚ ਸਨ ਅਤੇ ਸੂਬੇ ਵਿੱਚ ਸ਼ਾਂਤੀ ਨੂੰ ਭੰਗ ਕਰਨ ਦੇ ਇਰਾਦੇ ਨਾਲ ਗੈਰ-

ਕਾਨੂੰਨੀ ਹਥਿਆਰ ਪ੍ਰਾਪਤ ਕਰਨ ਅਤੇ ਅੱਗੇ ਸਪਲਾਈ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਸਨ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਪੂਰੇ ਨੈੱਟਵਰਕ ਦਾ ਪਤਾ ਲਗਾਇਆ ਜਾ ਸਕੇ ਅਤੇ ਸਰਹੱਦ ਪਾਰ ਸਬੰਧਾਂ ਦੀ ਪਛਾਣ ਕੀਤੀ ਜਾ ਸਕੇ।

ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਖੁਫੀਆ ਇਤਲਾਹ ਤਹਿਤ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਅਮਰਜੀਤ ਉਰਫ਼ ਬਾਊ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਸ ਦੇ ਕਬਜ਼ੇ ਵਿੱਚੋਂ ਇੱਕ ਗਲੌਕ ਪਿਸਤੌਲ ਬਰਾਮਦ ਕੀਤਾ ਸੀ। ਬਾਅਦ ਵਿੱਚ, ਅਮਰਜੀਤ ਦੇ ਖੁਲਾਸੇ 'ਤੇ, ਮਨਬੀਰ ਨੂੰ ਨਾਮਜ਼ਦ ਕੀਤਾ ਗਿਆ ਅਤੇ 9 ਪਿਸਤੌਲਾਂ ਸਮੇਤ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਅਮਰਜੀਤ ਅਤੇ ਮਨਬੀਰ ਦੋਵਾਂ ਦਾ ਇੱਕ ਸਾਂਝਾ ਪਾਕਿਸਤਾਨੀ ਹੈਂਡਲਰ ਸੀ, ਜੋ ਡਰੋਨ ਰਾਹੀਂ ਹਥਿਆਰਾਂ ਦੀ ਖੇਪ ਭਾਰਤੀ ਖੇਤਰ ਵਿੱਚ ਘੱਲਦਾ ਸੀ।

ਸੀ.ਪੀ ਨੇ ਕਿਹਾ ਕਿ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਇੱਕ ਮੁੰਬਈ-ਅਧਾਰਤ ਵਿਅਕਤੀ, ਮੁਹੰਮਦ ਤੌਫੀਕ ਖਾਨ ਤਸਕਰੀ ਤੋਂ ਬਣਾਏ ਇਸ ਪੈਸੇ ਨੂੰ ਹਵਾਲਾ ਰਾਹੀਂ ਪਾਕਿਸਤਾਨ ਭੇਜਦਾ ਸੀ, ਜੋ ਨੈੱਟਵਰਕ ਚਲਾਉਣ ਲਈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਿਰਾਏ ਦੇ ਮਕਾਨਾਂ ਵਿੱਚ ਰਹਿੰਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਤੌਫੀਕ ਨੂੰ 2.5 ਲੱਖ ਰੁਪਏ ਦੀ ਹਵਾਲਾ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ।

ਇਸ ਸਬੰਧ ਵਿੱਚ, ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਗੇਟ ਹਕੀਮਾ ਵਿਖੇ ਆਰਮਜ਼ ਐਕਟ ਦੀ ਧਾਰਾ 25(6), 25(7) ਅਤੇ 25(8) ਦੇ ਤਹਿਤ ਐਫਆਈਆਰ ਨੰਬਰ 257 ਮਿਤੀ 17.09.2025 ਕੇਸ ਦਰਜ ਕੀਤਾ ਗਿਆ ਹੈ।

ਬੰਗਲੁਰੂ ਤੋਂ ਵਾਰਾਣਸੀ ਜਾ ਰਹੀ ਉਡਾਣ 'ਚ ਮਚੀ ਹਫੜਾ-ਦਫੜੀ

ਵਾਰਾਣਸੀ। ਇੱਕ ਯਾਤਰੀ ਵੱਲੋਂ ਬੈਂਗਲੁਰੂ ਤੋਂ ਵਾਰਾਣਸੀ ਆ ਰਹੀ ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਦਾ ਕਾਕਪਿਟ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਗਈ। ਇਸ ਕਾਰਨ ਜਹਾਜ਼ ਅੰਦਰ ਹਫੜਾ-ਦਫੜੀ ਮਚ ਗਈ। ਜ਼ਿਕਰਯੋਗ ਹੈ ਕਿ ਯਾਤਰੀ ਨੇ ਸਹੀ ਪਾਸਕੋਡ ਵੀ ਦਾਖਲ ਕੀਤਾ, ਪਰ ਕੈਪਟਨ ਨੇ ਕਾਕਪਿਟ ਦਰਵਾਜ਼ਾ ਨਹੀਂ ਖੋਲ੍ਹਿਆ। ਜਾਣਕਾਰੀ ਮੁਤਾਬਕ ਅਜਿਹਾ ਕਰਨ ਵਾਲਾ ਵਿਅਕਤੀ ਆਪਣੇ ਅੱਠ ਸਾਥੀਆਂ ਨਾਲ ਜਹਾਜ਼ ਵਿੱਚ ਯਾਤਰਾ ਕਰ ਰਿਹਾ ਸੀ। ਇਸ ਦੌਰਾਨ ਉਸ ਨਾਲ ਯਾਤਰਾ ਕਰ ਰਹੇ ਸਾਰੇ 9 ਯਾਤਰੀਆਂ ਨੂੰ ਸੀਆਈਐਸਐਫ ਦੇ ਹਵਾਲੇ ਕਰ ਦਿੱਤਾ ਗਿਆ ਹੈ। ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਆਈ5-1086 ਨੇ ਬੈਂਗਲੁਰੂ ਤੋਂ ਵਾਰਾਣਸੀ ਲਈ ਉਡਾਣ ਭਰੀ ਸੀ। ਘਟਨਾ ਦੀ ਸੂਚਨਾ ਲੈਂਡਿੰਗ 'ਤੇ ਸਬੰਧਤ ਅਧਿਕਾਰੀਆਂ ਨੂੰ ਦਿੱਤੀ ਗਈ ਅਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

SHAM LAL CHANDER ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

ਇੱਕ ਅਪਾਹਜ ਨੂੰ ਇਨਸਾਫ ਦਿਵਾਉਣ ਲਈ ਥਾਣਾ ਸਦਰ ਅੱਗੇ ਲਗਾਇਆ ਰੋਸ਼ ਧਰਨਾ

ਸਦਰ ਥਾਣਾ ਬੰਗਾ ਦੇ ਮੂਹਰੇ ਅਪਾਹਜ ਕਿਰਪਾਲ ਸਿੰਘ ਵਾਸੀ ਉੱਚਾ ਲਧਾਣਾ ਹੱਕ ਵਿੱਚ ਧਰਨਾ ਲਾਉਦੇ ਹੋਏ ਸੁਸਾਇਟੀ ਪ੍ਰਧਾਨ ਅਮਰਜੀਤ ਸਿੰਘ ਕਰਨਾਣਾ ਅਤੇ ਹੋਰ।

ਬੰਗਾ (ਚਰਨਜੀਤ ਸੱਲ੍ਹਾਂ):- ਸਰਕਾਰਾਂ ਜਿਹੜੀਆਂ ਮਰਜੀ ਆ ਜਾਣ ਪਰ ਗਰੀਬ ਆਦਮੀ ਨੂੰ ਇਨਸਾਫ ਲਈ ਦਰ ਦਰ ਦੇ ਧੱਕੇ ਖਾਣੇ ਪੈਂਦੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਇਹ ਕਹਿ ਕੇ ਸੱਤਾ ਵਿਚ ਆਈ ਸੀ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਇਸ ਸਰਕਾਰ ਦੇ ਆਉਣ ਨਾਲ ਹਰ ਆਮ ਆਦਮੀ ਦੀ ਪੂਰੀ ਸੁਣਵਾਈ ਹੋਵੇਗੀ। ਪਰ ਸ਼ਹੀਦ ਭਗਤ ਸਿੰਘ ਵੈਲਫੇਅਰ ਅਤੇ ਕਲਚਰਲ ਸੋਸਾਇਟੀ ਪੰਜਾਬ ਦੇ ਪ੍ਰਧਾਨ ਅਮਰਜੀਤ ਸਿੰਘ ਕਰਨਾਣਾ ਦੀ ਅਗਵਾਈ ਹੇਠ ਥਾਣਾ ਸਦਰ ਬੰਗਾ ਵਿਖੇ ਇੱਕ ਅਪਾਹਜ ਵਿਅਕਤੀ ਨੂੰ ਇਨਸਾਫ ਦਿਵਾਉਣ ਲਈ ਥਾਣਾ ਸਦਰ ਬੰਗਾ ਦੇ ਅੱਗੇ ਧਰਨਾ-ਪ੍ਰਦਰਸ਼ਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਪ੍ਰਧਾਨ ਅਮਰਜੀਤ ਸਿੰਘ ਕਰਨਾਣਾ ਨੇ ਦੱਸਿਆ ਕਿ ਪਿੰਡ ਉਚਾ ਲਧਾਣਾ ਦੇ ਨਿਵਾਸੀ ਕਿਰਪਾਲ ਸਿੰਘ ਜੋ ਕਿ ਸੌ ਫ਼ੀਸਦੀ ਅਪਾਹਜ ਹੈ ਨੇ ਅਪਣੇ 3 ਖੇਤ ਠੇਕੇ ਤੇ ਪਿੰਡ ਦੇ ਹੀ ਇੱਕ ਵਿਅਕਤੀ ਨੂੰ ਤਿੰਨ ਸਾਲ ਲਈ ਦਿੱਤੇ ਸਨ। ਪਰ ਖੇਤ ਲੈਣ ਵਾਲੇ ਵਿਅਕਤੀ ਨੇ ਉਸ ਅਪਾਹਜ ਵਿਅਕਤੀ ਤੋਂ ਧੋਖੇ ਨਾਲ 5 ਸਾਲ ਦੇ ਐਗਰੀਮੈਂਟ ਤੇ ਦਸਤਖਤ ਕਰਵਾ ਲਏ ਅਤੇ ਪਿਛਲਾ 26 ਹਜ਼ਾਰ ਦਾ ਠੇਕੇ ਦਾ ਬਕਾਇਆ ਵੀ ਨਹੀ ਦਿੱਤਾ ਗਿਆ। ਠੇਕਾ ਨਾ ਮਿਲਦਾ ਦੇਖ ਅਪਾਹਜ ਵਿਅਕਤੀ ਕਿਰਪਾਲ ਸਿੰਘ ਨੇ ਥਾਣਾ ਸਦਰ ਬੰਗਾ ਵਿਖੇ ਲਿਖਤੀ ਸ਼ਿਕਾਇਤ ਦਿੱਤੀ ਗਈ। ਥਾਣਾ ਸਦਰ ਬੰਗਾ ਦੇ ਇੱਕ ਏਐਸਆਈ ਨੇ ਉਕਤ ਸ਼ਿਕਾਇਤ ਤੇ ਕਾਰਵਾਈ ਕਰਨ ਦੀ ਬਜਾਏ ਉਸ ਦੀ ਸ਼ਿਕਾਇਤ ਨੂੰ ਹੀ ਖੁਰਦ ਬੁਰਦ ਕਰ ਦਿੱਤਾ। ਸੌ ਫ਼ੀਸਦੀ ਅਪਾਹਜ ਵਿਅਕਤੀ ਕਿਰਪਾਲ ਸਿੰਘ 4 ਮਹੀਨੇ ਥਾਣਾ ਸਦਰ ਬੰਗਾ ਵਿਖੇ ਧੱਕੇ ਖਾਂਦਾ ਰਿਹਾ। ਕਿਸੇ ਨੇ ਉਸ ਦੀ ਸ਼ਿਕਾਇਤ ਤੇ ਕੋਈ ਕਾਰਵਾਈ ਨਹੀਂ ਕੀਤੀ। ਪ੍ਰਧਾਨ ਅਮਰਜੀਤ ਕਰਨਾਣਾ ਨੇ ਦੱਸਿਆ ਕਿ ਇਨਸਾਫ ਨਾ ਮਿਲਦਾ ਦੇਖ ਅਪਾਹਜ ਵਿਅਕਤੀ ਕਿਰਪਾਲ ਸਿੰਘ ਉਸਦੇ ਤਾਲਮੇਲ ਵਿੱਚ ਆਇਆ। ਜਦੋਂ ਉਹ ਥਾਣਾ ਸਦਰ ਦੇ ਐਸ ਐਚ ਓ ਸੁੱਖਪਾਲ ਸਿੰਘ ਨੂੰ ਇਸ ਸਬੰਧੀ ਮਿਲੇ ਤਾਂ ਉਸ ਨੂੰ ਵੀ ਨਿਰਾਸ਼ ਹੋਣਾ ਪਿਆ। ਇਨਸਾਫ ਨਾ ਮਿਲਦਾ ਦੇਖ ਸੁਸਾਇਟੀ ਨੇ ਪੁਲਿਸ ਦੇ ਖਿਲਾਫ ਧਰਨਾ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕੀਤਾ । ਉਨ੍ਹਾਂ ਕਿਹਾ ਅੱਜ ਇਨਸਾਫ ਲੈਣ ਦੇ ਸਬੰਧ ਵਿੱਚ ਧਰਨਾ - ਪ੍ਰਦਰਸ਼ਨ ਕੀਤਾ ਗਿਆ। ਥਾਣਾ ਮੁੱਖੀ ਸਦਰ ਬੰਗਾ ਐਸ ਐਚ ਓ ਸੁੱਖਪਾਲ ਸਿੰਘ ਨੇ ਤਰੁੰਤ ਕਾਰਵਾਈ ਕਰਦਿਆਂ ਪੀੜਤ ਕਿਰਪਾਲ ਸਿੰਘ ਨੂੰ ਪਿਛਲਾ 26 ਹਜ਼ਾਰ ਰੁਪਏ ਬਕਾਇਆ ਠੇਕੇ ਤੇ ਲੈਣ ਵਾਲੇ ਵਿਅਕਤੀ ਤੋ ਦਵਾਇਆ ਗਿਆ। ਇਸ ਸਬੰਧ ਵਿੱਚ ਥਾਣਾ ਸਦਰ ਬੰਗਾ ਦੇ ਐਸ ਐਚ ਓ ਸੁੱਖਪਾਲ ਸਿੰਘ ਨੇ ਕਿਹਾ ਕਿ ਜਮੀਨ ਦਾ ਠੇਕਾ ਛਡਵਾਉਣ ਬਾਰੇ ਪਿੰਡ ਦੀ ਪੰਚਾਇਤ ਨਾਲ ਸਲਾਹ ਕਰਕੇ ਜਲਦੀ ਮਸਲੇ ਦਾ ਹੱਲ ਕਰਵਾ ਦਿੱਤਾ ਜਾਵੇਗਾ। ਇਸ ਮੌਕੇ ਅਮਰਜੀਤ ਸਿੰਘ ਕਰਨਾਣਾ ਨੇ ਕਿਹਾ ਕਿ ਵਿਰੋਧੀ ਧਿਰ ਦਾ ਪੱਖ ਆਮ ਆਦਮੀ ਪਾਰਟੀ ਦਾ ਯੂਥ ਵਿੰਗ ਦਾ ਪ੍ਰਧਾਨ ਪੂਰ ਰਿਹਾ ਸੀ ਜਿਸ ਕਰਕੇ ਜਿਸਦੇ ਖ਼ਿਲਾਫ਼ ਸ਼ਿਕਾਇਤ ਦਿੱਤੀ ਸੀ ਉਹ ਥਾਣੇ ਪੇਸ਼ ਵੀ ਨਹੀਂ ਹੋ ਰਿਹਾ ਸੀ । ਜਿਸ ਕਰਕੇ ਉਨ੍ਹਾਂ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪਿਆ। ਇਸ ਧਰਨਾ ਪ੍ਰਦਰਸ਼ਨ ਵਿਚ ਕਿਰਪਾਲ ਸਿੰਘ, ਬਲਿਹਾਰ ਸਿੰਘ ਪ੍ਰਧਾਨ ਹੈਂਡੀਕੈਪਡ ਯੂਨੀਅਨ, ਸੁਰਿੰਦਰ ਸਿੰਘ, ਧਰਮ ਪਾਲ, ਮੰਗਾ ਸਿੰਘ, ਕੇਵਲ ਸਿੰਘ, ਗੁਰਮੁੱਖ ਸਿੰਘ, ਪਰਮਜੀਤ ਸਿੰਘ, ਮੌਨ ਅਕਾਸ਼, ਸੋਮ ਨਾਥ, ਮਨਜੀਤ ਸਿੰਘ, ਇੰਦਰਜੀਤ ਸਿੰਘ, ਬਲਜਿੰਦਰ ਸਿੰਘ ਸਰਪੰਚ ਭਾਅ ਸਿੰਘਪੁਰ, ਮੰਗਾ ਸਿੰਘ ਨਹਿੰਗ ਆਦਿ ਹਾਜ਼ਰ ਸਨ।

ਸਨਮਾਨ ਯਾਤਰਾ ਦਾ ਪਿੰਡ ਗੁਣਾਚੌਰ ਵਿਖੇ ਭਰਵਾਂ ਸਵਾਗਤ: ਵਿਜੈ ਗੁਣਾਚੌਰ

ਬੰਗਾ (ਚਰਨਜੀਤ ਸੱਲ੍ਹਾਂ) ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਵਿੱਚ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਸ਼ੁਰੂ ਹੋਈ ਸਨਮਾਨ ਯਾਤਰਾ ਦਾ ਪਿੰਡ ਗੁਣਾਚੌਰ ਵਿਖੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਪਿੰਡ ਦੇ ਸਾਬਕਾ ਸਰਪੰਚ ਬਾਬੂ ਅਜੀਤ ਰਾਮ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਜੀ ਆਇਆਂ ਆਖਿਆ। ਸਨਮਾਨ ਯਾਤਰਾ ਸਬੰਧੀ ਜਾਣਕਾਰੀ ਦਿੰਦਿਆਂ ਬਸਪਾ ਜ਼ਿਲ੍ਹਾ ਜਥੇਬੰਦਕ ਸਕੱਤਰ ਸ੍ਰੀ ਵਿਜੈ ਗੁਣਾਚੌਰ ਨੇ ਦੱਸਿਆ ਕਿ ਇਹ ਸਨਮਾਨ ਯਾਤਰਾ ਗੁਰੂ ਜੀ ਗੁਰੂ ਘਰਾਂ ਨਾਲ ਹੋ ਰਹੀਆਂ ਬੇਅਦਬੀਆਂ ਦੇ ਖ਼ਿਲਾਫ਼ ਕੱਢੀ ਗਈ ਹੈ। ਉਹਨਾਂ ਦੱਸਿਆ ਕਿ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਵਿਚ ਸਰਕਾਰ ਪ੍ਰਤੀ ਬੇਹੱਦ ਰੋਸ ਹੈ। ਖੁਰਾਲਗੜ੍ਹ ਸਾਹਿਬ ਤੋਂ ਲੈ ਕੇ ਫਿਲੌਰ ਤੱਕ ਪਿੰਡ ਪਿੰਡ ਸੰਗਤਾਂ ਦਾ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਲਈ ਲੰਗਰਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਯਾਤਰਾ ਦੀ ਅਗਵਾਈ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ, ਵਿਧਾਇਕ ਅਤੇ ਇੰਚਾਰਜ ਬਸਪਾ ਪੰਜਾਬ ਡਾਕਟਰ ਨਛੱਤਰ ਪਾਲ ਜੀ, ਇੰਚਾਰਜ ਅਜੀਤ ਸਿੰਘ ਭੈਣੀ ਜੀ, ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਪੰਜਾਬ, ਚੌਧਰੀ ਗੁਰਨਾਮ ਸਿੰਘ ਕੋਆਰਡੀਨੇਟਰ ਪੰਜਾਬ, ਪ੍ਰਵੀਨ ਬੰਗਾ ਜਰਨਲ ਸਕੱਤਰ ਪੰਜਾਬ, ਤੀਰਥ ਰਾਜਪੁਰਾ ਜਨਰਲ ਸਕੱਤਰ ਪੰਜਾਬ, ਲਾਲ ਚੰਦ ਔਜਲਾ ਜਨਰਲ ਸਕੱਤਰ ਪੰਜਾਬ ਅਤੇ ਸੰਤ ਮਹਾਂਪੁਰਸ਼ ਸੰਤ ਕੁਲਵੰਤ ਰਾਮ ਜੀ, ਸਾਈਂ ਪੱਪਲ ਸ਼ਾਹ ਜੀ ਕਰ ਰਹੇ ਸਨ। ਗੁਣਾਚੌਰ ਪਿੰਡ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਸਵਾਗਤ ਲਈ ਬੱਸ ਸਟੈਂਡ ਵਿਖੇ ਹਾਜ਼ਰ ਰਹੀਆਂ। ਇਸ ਮੌਕੇ ਤੇ ਪਿੰਡ ਦੇ ਸਰਪੰਚ ਤਲਵਿੰਦਰ ਸਿੰਘ, ਮੈਂਬਰ ਪੰਚਾਇਤ ਗੁਰਦੇਵ ਰਾਮ, ਭਲਵਾਨ ਜਗਦੀਸ਼ ਗੁਰੂ, ਕੁਲਦੀਪ ਵਿਰਦੀ, ਪਰਮਜੀਤ ਕਾਕਾ ਕਲਸੀ, ਮਦਨ ਕਲਸੀ, ਮਾਸਟਰ ਕੇਵਲ ਰਾਮ, ਤਰਲੋਕ ਚੰਦ, ਹੇਮ ਰਾਜ, ਲਾਲ ਚੰਦ, ਖੁਸ਼ੀ ਰਾਮ, ਦੇਬ ਰਾਮ, ਨਰੇਸ਼ ਕੁਮਾਰ ਸੁੰਡਾ, ਰਾਮ ਪ੍ਰਕਾਸ਼, ਰਾਮ ਦਾਸ, ਗੁਰਮੀਤ ਰਾਮ (ਮੀਤ ਬਸਰਾ), ਹਰਿੰਜਦਰ ਕੁਮਾਰ (ਹੈਪੀ ਬਸਰਾ) ਸੁਰਿੰਦਰ ਪਾਲ, ਰਾਣਾ, ਸੋਹਣ ਲਾਲ, ਚਮਨ ਲਾਲ, ਪਵਨ ਕੁਮਾਰ, ਦੀਸੂ, ਚੰਦਰ, ਨਵਦੀਪ ਅਤੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਸ਼ਾਮਲ ਹੋਏ। ਆਈਆਂ ਹੋਈਆਂ ਸੰਗਤਾਂ ਲਈ ਠੰਡੇ ਦਾ ਪ੍ਰਬੰਧ ਕੀਤਾ ਗਿਆ।

ਸੀਨੀਅਰ ਨਾਗਰਿਕਾਂ ਨੂੰ ਪਹਿਲ ਦੇ ਆਧਾਰ 'ਤੇ ਦਿੱਤੀ ਜਾਵੇ ਹਰ ਸਹੂਲਤ : ਅਮਰਬੀਰ ਕੌਰ ਭੁੱਲਰ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ ਦੀ ਪ੍ਰਧਾਨਗੀ ਵਿਚ ਅੱਜ ਸੀਨੀਅਰ ਨਾਗਰਿਕਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਤਿਮਾਹੀ ਮੀਟਿੰਗ ਹੋਈ। ਮੀਟਿੰਗ ਵਿੱਚ ਸੀਨੀਅਰ ਨਾਗਰਿਕਾਂ ਦੀ ਸੁਰੱਖਿਆ, ਸਿਹਤ ਸੇਵਾਵਾਂ, ਬੈਂਕਾਂ, ਡਾਕਘਰਾਂ ਅਤੇ ਜੀਵਨ ਬੀਮਾ ਨਿਗਮ ਦੇ ਦਫ਼ਤਰਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਨੇ ਸੀਨੀਅਰ ਨਾਗਰਿਕਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਚਰਚਾ ਕੀਤੀ ਅਤੇ ਮੁੱਖ ਡਾਕਘਰ, ਹੁਸ਼ਿਆਰਪੁਰ ਦੇ ਪ੍ਰਤੀਨਿਧੀ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਉਹ ਸੀਨੀਅਰ ਨਾਗਰਿਕਾਂ ਲਈ ਉਪਲਬੱਧ ਸਹੂਲਤਾਂ ਨੂੰ ਇੱਕ ਪ੍ਰਮੁੱਖ ਸਥਾਨ 'ਤੇ ਪ੍ਰਦਰਸ਼ਿਤ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਨੂੰ ਡਾਕਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਵਧੀਕ ਡਿਪਟੀ ਕਮਿਸ਼ਨਰ ਨੇ ਹਾਜ਼ਰ ਮੈਂਬਰਾਂ ਨੂੰ ਸੱਦਾ ਦਿੱਤਾ ਕਿ ਉਹ ਇਸ ਸੰਦੇਸ਼ ਨੂੰ ਆਮ ਲੋਕਾਂ ਤੱਕ ਵਿਆਪਕ ਪੱਧਰ 'ਤੇ ਫੈਲਾਉਣ, ਤਾਂ ਜੋ ਸਮਾਜ ਵਿੱਚ ਬਜ਼ੁਰਗ ਨਾਗਰਿਕਾਂ ਦੇ ਸਤਿਕਾਰ ਅਤੇ ਸਹੂਲਤ ਨੂੰ ਯਕੀਨੀ ਬਣਾਉਣ ਦੇ ਵਾਤਾਵਰਣ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਐੱਚ.ਕੇ. ਵਰਮਾ, ਸੁਰਜੀਤ ਸਿੰਘ (ਬ੍ਰਿਗੇਡੀਅਰ) ਪੈਟਰਨ ਸੀਨੀਅਰ ਸਿਟੀਜ਼ਨ ਕੌਂਸਲ ਹੁਸ਼ਿਆਰਪੁਰ, ਨਰੇਸ਼ ਕੁਮਾਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਡਾ: ਰਣਜੀਤ ਸਿੰਘ, ਮਹਿੰਦਰ ਸਿੰਘ ਡੀ.ਐਸ.ਪੀ., ਸੂਰਜ ਪ੍ਰਕਾਸ਼, ਗੁਰਬਖਸ਼ ਲਾਲ, ਬੱਬਲਦੀਪ ਸਿੰਘ, ਸ਼ਿਵ ਕਪੂਰ ਸਬ-ਪੋਸਟ ਮਾਸਟਰ ਹੁਸ਼ਿਆਰਪੁਰ, ਕਰਮਜੀਤ ਸਿੰਘ ਜ਼ਿਲ੍ਹਾ ਆਈ.ਟੀ. ਮੈਨੇਜਰ, ਬਲਦੇਵ ਰਾਜ ਐਸ.ਡੀ.ਓ., ਜਰਨੈਲ ਸਿੰਘ ਅਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਬਲਾਚੌਰ ਤਹਿਸੀਲ ਪੱਧਰੀ ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਹੋਈਆਂ ਨਤਮਸਤਕ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ) ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਬਲਾਚੌਰ ਵਿਖੇ ਖਾਲਸਾ ਸਕੂਲ ਦੀ ਗਰਾਊਂਡ ਵਿੱਚ ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ 556 ਸਾਲਾ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਸਮਰਪਿਤ ਵਿਸ਼ਾਲ ਤਹਿਸੀਲ ਪੱਧਰੀ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਨਵਾਂਸ਼ਹਿਰ, ਬੰਗਾ, ਬਲਾਚੌਰ,ਗੜ੍ਹਸ਼ੰਕਰ ਅਤੇ ਰਾਹੋਂ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਈਆਂ। ਸਮਾਗਮ ਦੀ ਆਰੰਭਤਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸਜੀ ਹੋਈ ਪਾਲਕੀ ਵਿੱਚ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦੇ ਰੂਪ ਵਿੱਚ ਖੂਬਸੂਰਤ ਢੰਗ ਸਜਾਏ ਗਏ ਖੁੱਲੇ ਪੰਡਾਲ ਵਿਚ ਲਿਆਉਣ ਨਾਲ ਹੋਈ। ਨਗਰ ਕੀਰਤਨ ਦੌਰਾਨ ਸੰਗਤਾਂ ਵਲੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਫੁੱਲਾਂ ਦੀ ਵਰਖਾ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਸੋ ਦਰੁ ਰਹਿਰਾਸ ਸਾਹਿਬ ਜੀ ਦੇ ਪਾਠ ਨਾਲ ਕੀਤੀ ਗਈ । ਉਸ ਉਪਰੰਤ ਭਾਈ ਹਰਜਿੰਦਰ ਸਿੰਘ, ਜੀਤ ਸਿੰਘ ਹਰੀ ਦਰਬਾਰ ਵਿਦਿਆਲਾ ਅਟਾਰੀ ਵਾਲਿਆਂ ਦੇ ਜੱਥੇ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਤੋਂ ਬਾਅਦ ਪੰਥ ਪ੍ਰਸਿੱਧ ਜਥੇ ਅਤੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਸਕਰਨ ਸਿੰਘ ਪਟਿਆਲੇ ਵਾਲਿਆਂ ਨੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਰਾਗਾਂ ਵਿੱਚ ਕੀਰਤਨ ਕਰਕੇ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ। ਬਹੁਤਾਤ ਸੰਗਤਾਂ ਨੇ ਕੀਰਤਨ ਦੌਰਾਨ ਨਾਲ ਨਾਲ ਸ਼ਬਦ ਗਾਇਨ ਕਰਕੇ ਕੀਰਤਨ ਦਾ ਖੂਬ ਆਨੰਦ ਮਾਣਿਆ। ਪੰਥ ਪ੍ਰਸਿੱਧ ਕਥਾਵਾਚਕ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਦੇ ਮੁੱਖ ਸਰਪ੍ਰਸਤ ਗਿਆਨੀ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਨੇ ਗੁਰ-ਮਤਿ ਵਿਚਾਰਾਂ ਨਾਲ ਹਾਜਰੀ ਲਗਵਾਈ। ਉਹਨਾਂ ਨੇ ਨਾ ਕੇਵਲ ਸੰਗਤਾਂ ਨੂੰ ਹੜ ਪੀੜ੍ਹਤ ਪਰਿਵਾਰਾਂ ਦੀ ਮਦਦ ਲਈ ਅੱਗੇ ਆਉਣ ਲਈ ਕਿਹਾ ਬਲਕਿ ਅੱਜ ਦੇ ਸਮਾਗਮ ਦੌਰਾਨ ਉਹਨਾਂ ਨੂੰ ਸੰਗਤਾਂ ਵਲੋਂ

ਭੇਟ ਕੀਤੀ ਗਈ ਸੰਪੂਰਨ ਮਾਇਆ ਹੜ੍ਹ ਪੀੜਤਾਂ ਲਈ ਸਮਰਪਿਤ ਕਰ ਦਿੱਤੀ ਗਈ। ਸਮਾਗਮ ਦੌਰਾਨ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਸੰਗਤਾਂ ਨੂੰ ਜੀ ਆਇਆਂ ਕਹਿੰਦੇ ਹੋਏ ਗੁਰੂ ਨਾਨਕ ਮਿਸ਼ਨ ਸੋਸਾਇਟੀ ਵੱਲੋਂ 25, 26 ਅਤੇ 27 ਅਕਤੂਬਰ ਨੂੰ ਕਰਵਾਏ ਜਾ ਰਹੇ ਮਹਾਨ ਕੀਰਤਨ ਦਰਬਾਰ ਵਿੱਚ ਵੱਡੀ ਗਿਣਤੀ ਵਿੱਚ ਵਹੀਰਾਂ ਘੱਤ ਕੇ ਹਾਜ਼ਰੀਆਂ ਭਰਣ ਲਈ ਬੇਨਤੀ ਕੀਤੀ। ਉਹਨਾਂ ਨੇ ਸੰਗਤਾਂ ਨੂੰ ਹੜ ਪੀੜਤਾਂ ਦੀ ਸਹਾਇਤਾ ਲਈ ਵੱਧ ਤੋਂ ਵੱਧ ਕੱਪੜੇ, ਬਿਸਤਰੇ ਅਤੇ ਹੋਰ ਲੋੜੀਂਦਾ ਸਮਾਨ ਭੇਜਣ ਲਈ ਵੀ ਨਿਮ-ਰਤਾ ਸਹਿਤ ਬੇਨਤੀ ਕੀਤੀ। ਉਹਨਾਂ ਨੇ ਸੁਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਸ: ਦੀਦਾਰ ਸਿੰਘ ਜੀ ਦਾ ਵਿਸ਼ੇਸ਼ ਕਰਕੇ ਧੰਨਵਾਦ ਕੀਤਾ ਜਿਨਾਂ ਨੇ ਵਿਦੇਸ਼ ਵਿੱਚ ਬੈਠੇ ਵੀ ਅੱਜ ਦੇ ਸਮਾਗਮ ਦੀ ਪੂਰਨ ਤੌਰ ਤੇ ਦੇਖ ਰਹੇ ਕੀਤੀ। ਸ: ਤਰਲੋਚਨ ਸਿੰਘ ਖਟਕੜ ਕਲਾਂ ਵਾਲਿਆਂ ਨੇ ਮੰਚ ਦਾ ਸੰਚਾਲਨ ਕੀਤਾ। ਇਸ ਸਮਾਗਮ ਨੂੰ ਅਯੋਜਿਤ ਕਰਨ ਲਈ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਮਨੋਨੀਤ ਕੀਤੀ ਗਈ ਬਲਾਚੌਰ ਟੀਮ, ਸ਼ੁਭ ਕਰਮਨ ਸੰਸਥਾ ਅਤੇ ਐਮ ਆਰ ਸਿਟੀ ਗਰੁੱਪ ਆਫ ਇੰਸਟੀਟਿਊਸ਼ਨਜ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਟੀਮ ਦੇ ਆਗੂ ਅਮਰੀਕ ਸਿੰਘ ਬਛੌੜੀ, ਗੁਰਦੇਵ ਸਿੰਘ ਗਹੂੰਣ, ਜਗਤਾਰ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਰਣਵੀਰ ਸਿੰਘ ਰਾਏ, ਹਰਨੇਕ ਸਿੰਘ ਧੌਲ, ਅਨਿਲ ਰਾਣਾ, ਕੁਲਵੰਤ ਸਿੰਘ, ਅਮਨਪ੍ਰੀਤ ਸਿੰਘ, ਪਰਵਿੰਦਰ ਸਿੰਘ ਸੁੱਧਾ ਮਾਜਰਾ, ਬਲਵੀਰ ਸਿੰਘ ਘਮੌਰ, ਲਵਪ੍ਰੀਤ ਸਿੰਘ ਸੁੱਧਾ ਮਾਜਰਾ, ਸੰਤੋਖ ਸਿੰਘ ਸ਼ਿਵਾਲਿਕ, ਸੁਖਵੰਤ ਸਿੰਘ ਚੀਮਾ, ਹਰਨੇਕ ਸਿੰਘ ਪ੍ਰਧਾਨ ਗੁ: ਕਮੇਟੀ ਅਕਲਿਆਣਾ, ਪਰਮਿੰਦਰ ਸਿੰਘ ਐਮ ਸੀ ਅਤੇ ਨਿਸ਼ਕਾਮ ਸੁਸਾਇਟੀ ਮੈਂਬਰਜ, ਬਗੀਚਾ ਸਿੰਘ ਰੱਕੜ, ਨਿਰਵੈਰ ਸਿੰਘ, ਤਲਵੀਰ ਸਿੰਘ, ਹਰਜਿੰਦਰ ਸਿੰਘ ਮੰਡਿਆਣੀ, ਭੁੱਲਰ ਸਿੰਘ, ਕਸ਼ਮੀਰ ਸਿੰਘ, ਹਰਮਨ ਸਿੰਘ, ਗੁਰਨਾਮ ਸਿੰਘ, ਗੋਪਾਲ ਸਿੰਘ ਰੱਕੜਾਂ ਢਾਹਾ, ਜਸਪਾਲ ਸਿੰਘ ਸੜੋਆ, ਡਾ: ਗਿਆਨ ਸਿੰਘ, ਭਗਵੰਤ ਸਿੰਘ ਰੁੜਕੀ, ਸੁਖਦੇਵ ਸਿੰਘ ਗੁੱਲਪੁਰ, ਕਸ਼ਮੀਰ ਸਿੰਘ ਗੁੱਲਪੁਰ, ਮੇਜਰ ਸਿੰਘ ਲੋਹਟ, ਸੁਰਜੀਤ ਸਿੰਘ ਮਹਿਤਪੁਰੀ, ਹਰਮਿੰਦਰ ਸਿੰਘ ਉਸਮਾਨਪੁਰ, ਬਲਦੀਪ ਸਿੰਘ ਕਾਜਮਪੁਰ, ਦਿਲਬਾਗ ਸਿੰਘ ਰਾਹੋਂ, ਡਾ: ਅਮਰੀਕ ਸਿੰਘ ਸੋਢੀ, ਸੁਖਵਿੰਦਰ ਸਿੰਘ ਲਧਾਣਾ ਉੱਚਾ, ਸਤਪਾਲ ਸਿੰਘ ਗੜ੍ਹਸ਼ੰਕਰ, ਸਤਬੀਰ ਸਿੰਘ ਗੋਨੀ ਬੰਗਾ, ਸੁਖਵਿੰਦਰ ਸਿੰਘ ਗੋਬਿੰਦਪੁਰ, ਉਧਮ ਸਿੰਘ ਅਵਤਾਰ ਸਿੰਘ ਗੋਬਿੰਦਪੁਰ ਤੋਂ ਇਲਾਵਾ ਉੱਤਮ ਸਿੰਘ ਸੇਠੀ, ਤਰਲੋਕ ਸਿੰਘ ਸੇਠੀ, ਹਰਵਿੰਦਰ ਸਿੰਘ ਪੂਜਾ ਸਿਲਕ ਸਟੋਰ, ਗੁਰਮੁਖ ਸਿੰਘ ਲੰਗੜੋਆ, ਜਗਦੀਪ ਸਿੰਘ ਕੈਸ਼ੀਅਰ, ਜਗਜੀਤ ਸਿੰਘ ਜਨਰਲ ਸਕੱਤਰ, ਅਮਰਜੀਤ ਸਿੰਘ ਖਾਲਸਾ ਗੁਰੂ ਰਾਮਦਾਸ ਸੇਵਾ ਸੋਸਾਇਟੀ, ਕੁਲਜੀਤ ਸਿੰਘ ਖਾਲਸਾ, ਹਕੀਕਤ ਸਿੰਘ, ਮਨਮੋਹਨ ਸਿੰਘ, ਨਵਦੀਪ ਸਿੰਘ, ਰਮਣੀਕ ਸਿੰਘ, ਦਲਜੀਤ ਸਿੰਘ ਬਡਵਾਲ, ਗਿਆਨ ਸਿੰਘ, ਰਾਜਵੰਤ ਸਿੰਘ ਲੰਗੜੋਆ, ਪਰਮਜੀਤ ਸਿੰਘ ਮੂਸਾਪੁਰ, ਜਗਜੀਤ ਸਿੰਘ ਬਾਟਾ, ਏ ਆਰ ਆਰ ਐਸ ਸੰਧੂ ਢਾਹਾਂ ਕਲੇਰਾਂ ਹਸਪਤਾਲ, ਗੁਰਦੀਪ ਸਿੰਘ ਪੱਲੀ ਝਿੱਕੀ, ਦਲਜੀਤ ਸਿੰਘ ਸੈਣੀ, ਸੁਦਾਗਰ ਸਿੰਘ, ਕਮਲਜੀਤ ਸਿੰਘ ਵਜੀਦਪੁਰ, ਭਾਈ ਘਨਈਆ ਜੀ ਸੇਵਕ ਜਥਾ ਜਾਡਲਾ ਅਤੇ ਕਲਗੀਧਰ ਸੇਵਕ ਜਥਾ ਵਜੀਦਪੁਰ ਦੇ ਮੈਂਬਰ ਵੱਡੇ ਗਿਣਤੀ ਵਿੱਚ ਸ਼ਾਮਲ ਮੌਜੂਦ ਸਨ।

ਪਿੰਡ ਸਹੌਲੀ (ਲੁਧਿਆਣਾ) ਦੇ ਇਸ ਸਾਲ 2025 ਵਿੱਚ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਪੰਜਾਬੀ ਵਿਰਸਾ ਸੰਭਾਲ ਸੰਸਥਾ (ਰਜਿ:) ਸਹੌਲੀ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਚੜ੍ਹਦੀ ਕਲਾ ਵਿੱਚ ਰਹਿ ਕੇ 97 ਸਾਲ ਦੀ ਉਮਰ ਭੋਗਦੇ ਹੋਏ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਮਾਤਾ ਭਜਨ ਕੌਰ ਲਿੱਟ, ਪਿੰਡ ਸਹੌਲੀ ਦੀ ਯਾਦ ਵਿੱਚ ਪੰਜਾਬੀ ਵਿਰਸਾ ਸੰਭਾਲ ਸੰਸਥਾ (ਰਜਿ:) ਪਿੰਡ ਸਹੌਲੀ (ਲੁਧਿਆਣਾ) ਵੱਲੋਂ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਮਾਰਚ 2025 ਵਿੱਚ ਦਸਵੀਂ ਜਮਾਤ ਵਿੱਚੋਂ ਪਿੰਡ ਸਹੌਲੀ ਦੇ ਮੈਰਿਟ ਵਿੱਚ ਆਏ ਬੱਚਿਆਂ ਨੂੰ ਨਗਦ ਰਾਸ਼ੀ ਅਤੇ ਸਟੇਸ਼ਨਰੀ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਦੇ ਮੁੱਖ ਮਹਿਮਾਨ ਸ੍ਰ: ਸੁਰਿੰਦਰ ਸਿੰਘ ਲਿੱਟ (ਰਿਟਾ: ਏਅਰਮੈਨ ਅਤੇ ਲੈਕਚਰਾਰ) ਵੱਲੋਂ ਉਪਰੋਕਤ ਸਨਮਾਨ ਨਾਲ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਮਾਤਾ ਜੀ ਦੇ ਸਪੁੱਤਰ ਮਾਸਟਰ ਹਰਦਿਆਲ ਸਿੰਘ ਵੱਲੋਂ ਆਪਣੀ ਮਾਤਾ ਜੀ ਦੀ ਯਾਦ ਵਿੱਚ ਆਪਣੇ ਆਖਰੀ ਸਾਹਾਂ ਤੱਕ ਹਰ ਸਾਲ ਉਪਰੋਕਤ ਸਕੂਲਾਂ ਦੇ ਦਸਵੀਂ ਕਲਾਸ ਵਿੱਚੋਂ ਵੱਧ ਤੋਂ ਵੱਧ ਅੰਕ ਲੈਣ ਵਾਲੇ ਇੱਕ ਲੜਕੇ ਅਤੇ ਇੱਕ ਲੜਕੀ ਨੂੰ ਇੱਕਵੰਜਾ ਇੱਕਵੰਜਾ ਸੌ ਨਾਲ ਸਨਮਾਨਿਤ

ਕਰਨ ਦਾ ਵਾਅਦਾ ਕੀਤਾ ਗਿਆ । ਇਸ ਮੌਕੇ ਸੰਸਥਾ ਦੇ ਪ੍ਰਧਾਨ ਐਡਵੋਕੇਟ ਵਰਿੰਦਰਪਾਲ ਸਿੰਘ ਅਤੇ ਮੈਂਬਰ ਸਹਿਬਾਨ, ਪ੍ਰਧਾਨ ਅਵਤਾਰ ਸਿੰਘ ਲਿੱਟ ਗੁਰਦੁਆਰਾ ਪ੍ਰਬੰਧਕ ਕਮੇਟੀ, ਰਿਟਾ: ਏ ਐੱਸ ਆਈ ਸ੍ਰ: ਪ੍ਰੀਤਮ ਸਿੰਘ ਗਰੇਵਾਲ, ਸ੍ਰ: ਮਨਮੋਹਨ ਸਿੰਘ ਲਿੱਟ, ਸ਼੍ਰੀਮਤੀ ਵਰਿੰਦਰਪਾਲ ਕੌਰ ਲਿੱਟ, ਸ਼੍ਰੀਮਤੀ ਹਰਦੇਵ ਕੌਰ ਗਰੇਵਾਲ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ। ਸੰਸਥਾ ਦੇ ਮੁੱਖ ਬੁਲਾਰੇ ਰਿਟਾ: ਪ੍ਰਿੰਸੀਪਲ ਸੰਤੋਖ ਸਿੰਘ ਗਿੱਲ ਵੱਲੋਂ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਾਖੂਬੀ ਨਾਲ ਨਿਭਾਈ ਗਈ।

ਹੜ੍ਹ ਪੀੜ੍ਹਤਾਂ ਲਈ ਲਾਇੰਸ ਕਲੱਬ ਦੇ ਬੈਠਕ ਜ਼ੋਨ ਚੈਅਰਮੇਨ ਲਾਇਨ ਅਜੀਤ ਸਿੰਘ ਬਾਲੀ ਦੀ ਅਗਵਾਈ 'ਚ ਮੀਟਿੰਗ ਹੋਈ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਦੀ ਲਾਇਨਜ ਕਲੱਬ 321-D ਹੁਸ਼ਿਆਰਪੁਰ ਜੋਨ 3 ਦੀ ਮੀਟਿੰਗ ਹੁਸ਼ਿਆਰਪੁਰ ਵਿਖੇ ਇੱਕ ਸਥਾਨਕ ਹੋਟਲ ਵਿੱਚ ਕੀਤੀ ਗਈ, ਜਿਸ ਦੀ ਪ੍ਰਧਾਨਗੀ ਲਾਇਨ ਅਜੀਤ ਸਿੰਘ ਬਾਲੀ ਨੇ ਕੀਤੀ । ਜਿਸ ਵਿੱਚ ਉੱਚੇਰੇ ਤੌਰ ਤੇ ਲਾਇਨਜ ਕਲੱਬਾ ਹੁਸ਼ਿਆਰਪੁਰ ਰੌਇਲ, ਹੁਸ਼ਿਆਰਪੁਰ ਐਕਸਨ ਅਤੇ ਹੁਸ਼ਿਆਰਪੁਰ ਵਿਸ਼ਵਾਸ ਦੇ ਪ੍ਰਧਾਨ, ਸੈਕਟਰੀ, ਕੈਸ਼ੀਅਰ ਅਤੇ ਪੀ ਆਰ ਓ ਨੇ ਉੱਚੇਚੇ ਤੌਰ ਤੇ ਸ਼ਿਰਕਤ ਕੀਤੀ। ਜਿਸ ਵਿੱਚ ਲਾਇਨਜ ਕਲੱਬ ਇੰਟਰਨੈਸ਼ਨਲ ਦੀਆਂ ਹਦਾਇਤਾਂ ਮੁਤਾਬਕ ਕੀਤੇ ਕੰਮਾ ਵਾਰੇ ਸਲਾਹ ਮਸ਼ਵਰਾ ਕੀਤਾ ਗਿਆ ਅਤੇ ਪੰਜਾਬ ਵਿੱਚ ਆਏ ਹੜ੍ਹਾਂ ਕਰਕੇ ਹੋਏ ਨੁਕਸਾਨ ਅਤੇ ਮਾਨਵਤਾ ਦੀ ਸੇਵਾ ਦਾ ਸੰਕਲਪ ਲਿਆ। ਜਿਸ ਵਿੱਚ ਪ੍ਰਧਾਨ ਲਾਇਨ ਨਰਿੰਦਰ ਸਿੰਘ ਸੈਣੀ, ਲਾਇਨ ਉਂਕਾਰ ਸਿੰਘ ਭਾਰਜ, ਹਰਦੀਪ ਸਿੰਘ, ਲਾਇਨ ਰਾਕੇਸ਼ ਕੁਮਾਰ ਵਰਮਾ, ਲਾਇਨ ਰੋਹਿਤ ਅਗਰਵਾਲ, ਲਾਇਨ ਰੋਹਿਤ ਬਰਕੀ, ਲਾਇਨ ਮੁਕੇਸ ਬੱਗਾ, ਲਾਇਨ ਨਵੀਨ ਬੱਗਾ, ਲਾਇਨ, ਭੁਪਿੰਦਰ ਸਿੰਘ ਗੱਗੀ, ਲਾਇਨ ਦਲਜਿੰਦਰ ਸਿੰਘ ਆਦਿ ਹਾਜਿਰ ਸਨ। ਜਿਸ ਵਿੱਚ ਮੰਚ ਸੰਚਾਲਕ ਦੀ ਭੂਮਿਕਾ ਲਾਇਨ ਮਹਾਂਵੀਰ ਸਿੰਘ ਢਿੱਲੋਂ ਜੀ ਨੇ ਨਿਭਾਈ। ਚੀਫ ਗੇਸਟ ਲਾਇਨ ਦਵਿੰਦਰ ਪਾਲ ਅਰੋੜਾ ਪਾਸਟ ਡਿਸਟਰਿਕ ਗਵਰਨਰ ਜੀ ਨੇ ਕਲੱਬਾ ਦੀ ਬਿਹਤਰੀ ਲਈ ਬਹੁਤ ਵਧੀਆ ਸੁਝਾਵ ਦਿੱਤੇ।

ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਹਾਨ ਗੁਰਮਤਿ ਸਮਾਗਮ ਅੱਜ

ਨਵਾਂਸ਼ਹਿਰ /ਬੰਗਾ (ਜਤਿੰਦਰ ਪਾਲ ਸਿੰਘ ਕਲੇਰ) ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਸ਼ਹੀਦੀ ਪੁਰਬ (ਸਾਕਾ-ਏ-ਚਾਂਦਨੀ ਚੌਂਕ) ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਅੱਜ 23 ਸਤੰਬਰ ਦਿਨ ਮੰਗਲਵਾਰ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪੂਰੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ । ਇਹ ਜਾਣਕਾਰੀ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦਿੰਦੇ ਦੱਸਿਆ ਕਿ ਅੱਜ 23 ਸਤੰਬਰ ਦਿਨ ਮੰਗਲਵਾਰ ਸ਼ਾਮ 5.30 ਤੋਂ ਰਾਤ 9 ਵਜੇ ਤੱਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਹਾਨ ਗੁਰਮਤਿ ਸਮਾਗਮ ਦਾ ਆਯੋਜਨ ਹੋਵੇਗਾ । ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤੀਨੇ ਭਾਈ ਸ਼ੁੱਭਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਪ੍ਰਸਿੱਧ ਕਥਾਵਾਚਕ ਡਾ. ਸਰਬਜੀਤ ਸਿੰਘ ਰੇਣਕਾ ਲੁਧਿਆਣੇ ਵਾਲਿਆਂ ਵੱਲੋਂ ਕਥਾ - ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਾਵੇਗਾ। ਸਮਾਗਮ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ । ਇਸ ਮੌਕੇ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ, ਸ. ਮਹਿੰਦਰਪਾਲ ਸਿੰਘ ਦਫ਼ਤਰ ਸੁਪਰਡੈਂਟ ਵੀ ਹਾਜ਼ਰ ਸਨ ।

ਸ਼ੋਸ਼ਲ ਮੀਡੀਏ ਦੀ ਸਹੀ ਵਰਤੋਂ ਕਰੋ-ਮਾਸਟਰ ਪਰਮਵੇਦ

ਜਿਹੜੇ ਸਮੇਂ ਦੇ ਨਾਲ ਨਾਲ ਨਹੀਂ ਚਲਦੇ ਉਹ ਜ਼ਿੰਦਗੀ ਦੀ ਦੌੜ ਵਿੱਚ ਪਿੱਛੇ ਰਹਿ ਜਾਂਦੇ ਹਨ

ਸ਼ੋਸ਼ਲ ਮੀਡੀਆ ਪਿਛਲੇ ਡੇਢ ਦੋ ਦਹਾਕੇ ਤੋਂ ਲੋਕਾਂ ਦੇ ਹੱਥਾਂ ਵਿੱਚ ਮੋਬਾਇਲ ਆਉਣ ਨਾਲ ਸ਼ੋਸ਼ਲ ਮੀਡੀਆ ਵਿਹਲੇ ਲੋਕਾਂ ਦਾ ਖਿਡੌਣਾ ਬਣ ਗਿਆ ਹੈ। ਜੇ ਕੋਈ ਵੈਟਸਅਪ, ਫੇਸਬੁਕ ਜਾਂ ਟਵਿੱਟਰ ਦੀ ਵਰਤੋਂ ਨਹੀਂ ਕਰਦਾ ਤਾਂ ਉਸ ਵੱਲ ਇਸ ਤਰਾਂ ਵੇਖਿਆ ਜਾਂਦਾ,ਜਿਵੇਂ ਉਹ ਕੋਈ ਹੋਰ ਗ੍ਰਹਿ ਤੋਂ ਆਇਆ ਹੋਵੇ ਜਾਂ ਗਵਾਰ ਅਨਪੜ੍ਹ ਪੇਂਡੂ ਹੋਵੇ। ਸ਼ੋਸ਼ਲ ਮੀਡੀਆ ਤੇ ਸਵੇਰੇ ਸਵੇਰ ਗਿਆਨ ਵਧਾਊ, ਹੁਕਮਨਾਮੇ ਦੀ ਵਿਆਖਿਆ, ਹੌਂਸਲਾ ਅਫਜ਼ਾਈ ਵਾਲੇ ਚੰਗੇ ਵਿਚਾਰ ਸੁਨੇਹੇ ਆਉਂਦੇ ਹਨ ਪਰ ਦੁਪਹਿਰ ਸਮੇਂ ਡਿਪਰੈਸ਼ਨ ਵਾਲੇ ਤੇ ਰਾਤ ਨੂੰ ਗੰਦ-ਮੰਦ ਸ਼ੁਰੂ ਹੋ ਜਾਂਦਾ ਹੈ। ਪਹਿਲਾਂ ਤੇ ਸਿਰਫ ਨਵੇਂ ਸਾਲ ਨੂੰ ਹੈਪੀ ਨਿਊ ਯੀਅਰ ਕਿਹਾ ਜਾਂਦਾ ਸੀ,ਫਿਰ ਦਿਵਾਲੀ, ਲੋਹੜੀ,ਹੋਲੀ ਤੇ ਹੋਰ ਤਿਉਹਾਰਾਂ ਨੂੰ ਹੁਣ ਤਾਂ ਹਫਤੇ ਦੇ ਹਰ ਵਾਰ ਨੂੰ ਹੈਪੀ ਵਾਰ ਜਿਵੇਂ ਐਤਵਾਰ ਆਦਿ ਲਿਖਿਆ ਜਾਂਦਾ ਹੈ। ਸਭ ਤੋਂ ਜ਼ਿਆਦਾ 'ਗੁਡ ਮੋਰਨਿੰਗ' ਦੇ ਸੁਨੇਹੇ ਆਉਂਦੇ ਹਨ ਜੋ ਸਵੇਰ ਤੋਂ ਸ਼ਾਮ ਤੱਕ ਜਾਰੀ ਰਹਿੰਦੇ ਹਨ। ਰਾਸ਼ੀਫਲ,ਹਰ ਦੁੱਖਾਂ /ਸਮੱਸਿਆਵਾਂ ਦਾ ਹੱਲ ਕਰਨ ਦੇ ਦਾਅਵੇ ਤੇ ਅੰਧਵਿਸ਼ਵਾਸੀ ਸੁਨੇਹੇ ਆਉਂਦੇ ਹਨ ਉਨਾਂ ਵਿੱਚ ਲਿਖਿਆ ਹੁੰਦਾ ਹੈ ਕਿ ਇਹ ਮੈਸਜ ਸੌ ਵਿਅਕਤੀਆਂ ਜਾਂ ਦੋ ਤਿੰਨ ਗਰੁੱਪਾਂ ਵਿੱਚ ਭੇਜੋ ਖੁਸ਼ਖਬਰੀ ਮਿਲੇਗੀ ਜੇ ਨਜ਼ਰ ਅੰਦਾਜ਼ ਕਰੋਂਗੇ ਤਾਂ ਤੁਹਾਡਾ ਨੁਕਸਾਨ ਹੋਵੇਗਾ ਇਨ੍ਹਾਂ ਨਾਲ ਝੂਠੀਆਂ ਕਹਾਣੀਆਂ ਬਣਾ ਕੇ ਲਿਖੀਆਂ ਹੁੰਦੀਆਂ। ਜਦ ਉਨਾਂ ਤੋਂ ਪੁੱਛਿਆ ਜਾਂਦਾ ਕਿ ਤੁਹਾਨੂੰ ਕਿਹੜੀ ਖੁਸ਼ਖਬਰੀ ਮਿਲੀ ਜਾਂ ਕਿਸੇ ਦਾ ਕੀ ਨੁਕਸਾਨ ਹੋਇਆ ਤਾਂ ਚੁੱਪ ਹੋ ਜਾਂਦੇ ਹਨ। ਕੁਝ ਲੋਕਾਂ ਦੇ ਫੋਨਾਂ ਦੇ ਉਪਰ ਟਿਉਨ ਤੇ ਲੋਗੋ ਧਾਰਮਿਕ ਸ਼ਖਸੀਅਤਾਂ ਦੇ ਹੋਣਗੇ ਤੇ ਫੋਨ ਵਿੱਚ ਅਸ਼ਲੀਲ ਵੀਡੀਉ ਤੇ ਮਾੜੀ ਭਾਸ਼ਾ ਵਾਲੀਆਂ ਪੋਸਟਾਂ ਹੋਣਗੀਆਂ। ਕਈ ਚੰਗੇ ਭਲੇ ਬੱਚਿਆਂ ਦੀਆਂ ਫੋਟੋਆਂ ਪਾ ਕੇ ਆਖਣਗੇ ਇਹ ਲਾਵਾਰਸ ਬੱਚਾ ਹੈ ਇਸ ਨੰਬਰ ਤੇ ਫੋਨ ਕਰੋ, ਪਹਿਲੀ ਗੱਲ ਨੰਬਰ ਗਲਤ ਹੁੰਦਾ ਜਾਂ ਅੱਗੋਂ ਅੱਕੇ ਵਿਅਕਤੀ ਵੱਲੋਂ ਗਾਲਾਂ ਦਾ ਮੀਂਹ ਵਰ੍ਹਦਾ ਹੈ। ਹਰ ਕੋਈ ਐਨਾਂ ਸੋਹਣਾ ਨਹੀਂ ਹੁੰਦਾ ਜਿੰਨਾ ਫੇਸਬੁਕ ਦੀ ਪ੍ਰੋਫਾਈਲ ਤੇ, ਫੋਟੋ ਪਾ ਕੇ ਦੋਸਤਾਂ ਨੂੰ ਜਾਂ ਆਪ ਹੀ ਲਾਈਕ ਕਰਕੇ ਗਿਣਤੀ ਕਰੀ ਜਾਣਗੇ। ਕਿਸੇ ਲੀਡਰ ਜਾਂ ਅਫ਼ਸਰ ਨਾਲ ਨੱਥੀ ਫੋਟੋ ਵੀ ਪਾ ਕੇ ਲਾਈਕ ਗਿਣਨ ਲੱਗ ਪੈਣਗੇ। ਸੈਲਫੀ ਦਾ ਟਰੈਂਡ ਚਲਿਆ ਹੈ ਦੇਸ਼ ਦੇ ਪੀ ਐਮ ਨੂੰ ਵੀ ਸੈਲਫੀ ਲੈਣ ਦਾ ਬਹੁਤ ਸ਼ੌਂਕ ਹੈ। ਲੋਕ ਹਾਦਸੇ ਜਾਂ ਕਿਸੇ ਦੁਰਘਟਨਾ ਸਮੇਂ ਮੱਦਦ ਤਾਂ ਕੀ ਕਰਨੀ ਸੈਲਫੀ ਜਾਂ ਫੋਟੋ ਮੋਬਾਈਲ ਰਾਹੀਂ ਖਿੱਚ ਕੇ ਫੇਸ ਬੁਕ ਜਾਂ ਵੈਟਸਅਪ ਤੇ ਪਾਈ ਜਾਣਗੇ। ਹੁਣ ਤਕ ਦੇਸ਼ 'ਚ ਹਜ਼ਾਰਾਂ ਤੋਂ ਵੱਧ ਮੌਤਾਂ ਸੈਲਫੀ ਲੈਣ ਨਾਲ ਹੋ ਚੁੱਕੀਆਂ ਹਨ। 1100 ਰੁ ਵਾਲੇ ਨੋਕੀਆ ਮੋਬਾਈਲ ਤੇ ਸੱਪਾਂ ਵਾਲੀ ਖੇਡ ਖੇਡਣ ਵਾਲੇ ਹੱਥਾਂ ਵਿਚ ਵਧੀਆ ਤੋਂ ਵਧੀਆ ਐਪਲ ਵਰਗੇ ਫੋਨ ਆ ਗਏ ਹਨ ਪਰ ਲੱਛਣ ਪੁਰਾਣੇ ਹਨ। ਨੌਜਵਾਨ ਪੀੜੀ ਤੇ ਆਮ ਜਨਤਾ ਜ਼ਿਆਦਾ ਹੀ ਗੇਮਾਂ ਖੇਡਣ ਵਿੱਚ ਰੁੱਝੀ ਰਹਿੰਦੇ ਹਨ ਜੋ ਆਪਣਾ ਸਮਾਂ ਤਾਂ ਬਰਬਾਦ ਕਰਦੇ ਹਨ , ਅੱਖਾਂ ਦੀ ਨਜ਼ਰ ਵੀ ਘੱਟਦੀ ਹੈ ਉਥੇ ਪਰਿਵਾਰ ਵਿੱਚ ਇਕੱਲਾਪਣ ਵੱਧਦਾ ਹੈ ਗੱਲ ਬਾਤ ਸਾਂਝੀ ਨਾ ਹੋਣ ਤੇ ਘਰ ਦੇ ਮਸਲਿਆਂ ਵੱਲ ਧਿਆਨ ਨਹੀਂ ਦਿੰਦੇ। ਕਈ ਕੰਨਾਂ ਵਿੱਚ ਹਰ ਸਮੇਂ ਈਅਰਫੋਨ ਲਾ ਰੱਖਦੇ ਹਨ ਜਿਸ ਨਾਲ ਜਿਥੇ ਕੰਨਾਂ ਦੀ ਸੁਣਨ ਸ਼ਕਤੀ ਕਮਜ਼ੋਰ ਹੁੰਦੀ ਹੈ ਉੱਥੇ ਕਿਸੇ ਦੀ ਗੱਲ ਵੀ ਨਹੀਂ ਸੁਣਦੇ। ਇਸ ਤਰ੍ਹਾਂ ਕੰਨ ਵਿੱਚ ਈਅਰ ਫੋਨ ਲਾ ਕੇ ਤੁਰਨ ਜਾਂ ਵਹੀਕਲ ਚਲਾਉਣ ਨਾਲ ਕਈ ਐਕਸੀਡੈਂਟ ਹੋ ਚੁੱਕੇ ਹਨ। ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਉਪਰ ਹਾਕਮ ਸਰਕਾਰਾਂ ਦਾ ਬੋਲ ਬਾਲਾ ਹੈ ਵਿਰੋਧੀ ਧਿਰ ਦੀ ਖਬਰ ਨਹੀਂ ਆਉਂਦੀ ,ਉਥੇ ਵੈਟਸਅਪ ਤੇ ਫੇਸਬੁਕ ਲੋਕਾਂ ਨੂੰ ਸਚਾਈ ਦਸ ਕੇ ਅਹਿਮ ਰੋਲ ਨਿਭਾ ਰਹੀ ਹੈ। ਕੁਝ ਸ਼ਰਾਰਤੀ ਲੋਕਾਂ ਵੱਲੋਂ ਮੀਡੀਏ ਦੀ ਦੁਰਵਰਤੋਂ ਕਰਕੇ ਦੰਗੇ ਤੇ ਧਾਰਮਿਕ ਭਾਵਨਾਵਾਂ ਭੜਕਾਉਣ, ਅਸ਼ਲੀਲਤਾ ਫੈਲਾਉਣ ਤੇ ਇਕ ਦੂਜੇ ਨੂੰ ਕੰਮਪਿਉਟਰਾਈਜਡ ਫੋਟੋਆਂ ਬਣਾ ਕੇ ਬਦਨਾਮ ਕੀਤਾ ਜਾ ਰਿਹਾ ਹੈ। ਫਿਲਮੀ ਕੈਮਰਿਆਂ ਰਾਹੀਂ ਬਣੇ ਚਮਤਕਾਰੀ ਸੀਨਾਂ ਨੂੰ ਅੰਧਵਿਸ਼ਵਾਸ ਫੈਲਾਉਣ ਲਈ ਵਰਤਿਆ ਜਾਂਦਾ ਹੈ। ਹਨੇਰੇ ਵਿੱਚ ਲਗਾਤਾਰ ਮੋਬਾਇਲ ਵੇਖਣਾ ਨਿਗਾਹ ਲਈ ਤੇ ਲੰਬੀ ਗੱਲਬਾਤ ਕਰਨਾ ਕੰਨਾਂ ਲਈ ਖ਼ਤਰਨਾਕ ਹੈ। ਅੱਜ ਕੱਲ ਇਕ ਹੋਰ ਖਤਰਨਾਕ ਰੁਝਾਨ ਹੈ ਸ਼ੋਸਲ ਮੀਡੀਏ ਤੇ ਝੂਠੀ-ਆਂ ਖਬਰਾਂ ਪਾਉਣ ਦਾ ਤੇ ਲੋਕਾਂ ਨੂੰ ਬੇਵਕੂਫ ਬਨਾਉਣ ਦਾ। ਜਾਣਬੁੱਝ ਕੇ ਸੋਚੀ ਸਮਝੀ ਸਾਜ਼ਿਸ਼ ਤਹਿਤ ਝੂਠੀਆਂ ਖਬਰਾਂ ਜਾ ਪੋਸਟਾਂ ਸਿਰਫ ਵਿਊ ਲੈਣ ਲਈ ਪਾਈਆਂ ਜਾਂਦੀਆਂ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵੀ ਦਿਨੋ ਦਿਨ ਵਰਤੋ ਵੱਧ ਰਹੀ ਹੈ। ਕਿਸੇ ਵੀ ਪੋਸਟ ਨੂੰ ਭੇਜਣ ਤੋਂ ਪਹਿਲਾਂ ਪੜ੍ਹੋ,ਸੋਚੋ ਅਤੇ ਵਿਚਾਰੋ ਕੀ ਇਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਤੇ ਨਹੀਂ ਪਹੁੰਚਦੀ, ਅੱਜ ਕੱਲ੍ਹ ਐਵੇਂ ਲੋਕ, ਬਾਤ ਦਾ ਬਤੰਗੜ ਬਣਾ ਲੈਂਦੇ ਹਨ ਅਤੇ ਹਰ ਗੱਲ ਨੂੰ ਧਾਰਮਿਕਤਾ ਨਾਲ ਜੋੜ ਕੇ ਕੁੱਝ ਲੋਕਾਂ ਨੂੰ ਜਾਂ ਕਿਸੇ ਫਿਰਕੇ ਨੂੰ ਭੜਕਾ ਕੇ ਮਜ਼ਾ ਲੈਂਦੇ ਹਨ। ਇਹ ਵੀ ਖਿਆਲ ਰੱਖੋ ਕਿ ਕਿਸੇ ਬਿਨਾਂ ਸੋਚੇ ਸਮਝੇ ਭੇਜੇ ਮੈਸਿਜ ਨਾਲ ਤੁਹਾਡੀ ਸ਼ਖਸੀਅਤ ਦਾ ਪ੍ਰਭਾਵ ਗਲਤ ਤਾਂ ਨਹੀਂ ਜਾ ਰਿਹਾ ਤੇ ਤੁਹਾਡੀ ਸ਼ਬਦਾਵਲੀ ਵੀ ਹਮੇਸ਼ਾਂ ਪਰਿਵਾਰ ਵਿੱਚ ਪੜ੍ਹਨਯੋਗ ਹੋਣੀ ਚਾਹੀਦੀ ਹੈ। ਬਾਕੀ ਤੁਸੀਂ ਆਪ ਸਿਆਣੇ ਹੋਂ, ਸਿਆਣਪ ਤੋਂ ਕੰਮ ਲਵੋ। ਇਹ ਵੀ ਸਚਾਈ ਹੈ ਕਿ ਜਿਹੜੇ ਸਮੇਂ ਦੇ ਨਾਲ ਨਾਲ ਨਹੀਂ ਚਲਦੇ,ਉਹ ਜ਼ਿੰਦਗੀ ਦੀ ਦੌੜ ਵਿੱਚ ਪਿੱਛੇ ਰਹਿ ਜਾਂਦੇ ਹਨ।

ਮਾਸਟਰ ਪਰਮਵੇਦ
ਜੋਨ ਜਥੇਬੰਦਕ
ਮੁਖੀ ਤਰਕਸ਼ੀਲ
ਸੁਸਾਇਟੀ ਪੰਜਾਬ
9417422349

ਤੰਦਰੁਸਤ ਨੌਜਵਾਨ ਹੀ ਇੱਕ ਮਜ਼ਬੂਤ ਭਾਰਤ ਦੀ ਪਹਿਚਾਣ ਹਨ – ਡਾ. ਸੂਫ਼ੀ ਰਾਜ ਜੈਨ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਨਸ਼ਾ ਮੁਕਤ ਯੁਵਾ – ਵਿਕਸਤ ਭਾਰਤ ਮੁਹਿੰਮ ਤਹਿਤ ਸੇਵਾ ਪੰਦਰਵਾੜੇ ਦੌਰਾਨ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਸਰਵ ਧਰਮ ਖਵਾਜਾ ਮੰਦਰ ਦੇ ਸੰਸਥਾਪਕ ਅਤੇ ਰਾਸ਼ਟਰੀ ਪ੍ਰਧਾਨ ਅਤੇ ਸੂਫੀ ਇਸਲਾਮਿਕ ਬੋਰਡ (ਉੱਤਰੀ) ਦੇ ਰਾਸ਼ਟਰੀ ਉਪ ਪ੍ਰਧਾਨ ਡਾ. ਸੂਫੀ ਰਾਜ ਜੈਨ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਵਦੇਸ਼ੀ ਅਪਣਾਉਣ ਦਾ ਪ੍ਰੇਰਨਾਦਾਇਕ ਸੰਦੇਸ਼ ਦਿੱਤਾ। ਡਾ. ਜੈਨ ਨੇ ਕਿਹਾ ਕਿ ਨਸ਼ਾ ਕੇਵਲ ਸਰੀਰ ਨੂੰ ਹੀ ਨਹੀਂ ਸਗੋਂ ਆਤਮਾ ਨੂੰ ਵੀ ਅੰਧਕਾਰਮਈ ਕਰ ਦਿੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੱਕ ਸਰੀਰ ਤੰਦਰੁਸਤ ਨਹੀਂ ਹੁੰਦਾ, ਧਰਮ ਅਤੇ ਕਰਮ ਦੋਵੇਂ ਅਧੂਰੇ ਰਹਿੰਦੇ ਹਨ। ਸਵਦੇਸ਼ੀ ਦਾ ਅਰਥ ਸਿਰਫ਼ ਸਵਦੇਸ਼ੀ ਉਤਪਾਦਾਂ ਦੀ ਵਰਤੋਂ ਕਰਨਾ ਨਹੀਂ ਹੈ, ਸਗੋਂ ਆਪਣੀ ਮਿੱਟੀ, ਆਪਣੀ ਕਿਰਤ ਅਤੇ ਆਪਣੇ ਸਰੋਤਾਂ ਦਾ ਸਤਿਕਾਰ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਮੰਦਰ ਦੀਆਂ ਘੰਟੀਆਂ ਉਦੋਂ ਹੀ ਪਵਿੱਤਰ ਹੋਣਗੀਆਂ ਜਦੋਂ ਸਮਾਜ ਨਸ਼ਾ ਮੁਕਤ ਹੋਵੇਗਾ ਅਤੇ ਆਰਤੀ ਦਾ ਦੀਪਕ ਉਦੋਂ ਹੀ ਚਮਕੇਗਾ ਜਦੋਂ ਹਰ ਘਰ ਵਿੱਚ ਸਵਦੇਸ਼ੀ ਦਾ ਦੀਵਾ ਜਗੇਗਾ। ਇਹ ਪ੍ਰੋਗਰਾਮ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੀ ਇੱਕ ਸੰਸਥਾ "ਮਾਇਆ ਭਾਰਤ" ਦੇ ਮਾਰਗਦਰਸ਼ਨ ਹੇਠ ਸੰਪਨ ਹੋਇਆ। ਇਸ ਮੌਕੇ ਏ.ਆਈ.ਜੀ. ਕ੍ਰਾਈਮ ਬ੍ਰਾਂਚ ਜਲੰਧਰ ਮਨਜੀਤ ਕੌਰ, ਜ਼ਿਲ੍ਹਾ ਸਿੱਖਿਆ ਅਧਿਕਾਰੀ ਲਲਿਤਾ ਅਰੋੜਾ, ਲਿਵਾਸਾ ਹਸਪਤਾਲ ਦੇ ਉਪ ਪ੍ਰਧਾਨ ਅਭਿਨਵ ਸ਼੍ਰੀਵਾਸਤਵ ਅਤੇ ਜ਼ਿਲ੍ਹਾ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਦੇ ਸਲਾਹਕਾਰ ਪ੍ਰਸ਼ਾਂਤ ਆਦਿਆ ਅਤੇ ਸੰਦੀਪ ਕੁਮਾਰੀ ਨੇ ਪ੍ਰੋਗਰਾਮ ਵਿੱਚ ਮੋਹਰੀ ਭੂਮਿਕਾ ਨਿਭਾਈ। ਇਸ ਸਮਾਗਮ ਵਿੱਚ ਸਰਵ ਧਰਮ ਖਵਾਜਾ ਮੰਦਰ ਦੀ ਜਨਰਲ ਸਕੱਤਰ ਦਿਵਿਆ ਵੀ ਮੌਜੂਦ ਸੀ। ਉਨ੍ਹਾਂ ਸਾਰਿਆਂ ਦੀ ਚੰਗੀ ਸਿਹਤ ਅਤੇ ਸਫਲਤਾ ਦੀ ਕਾਮਨਾ ਕੀਤੀ। ਸਾਰੇ ਮਹਿਮਾਨਾਂ ਅਤੇ ਪ੍ਰਬੰਧਕਾਂ ਨੇ ਇਹ ਸੰਕਲਪ ਲਿਆ ਕਿ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਨਿਰੰਤਰ ਜਨਤਕ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਨੌਜਵਾਨਾਂ ਨੂੰ ਸਹੀ ਦਿਸ਼ਾ ਦੇ ਕੇ ਦੇਸ਼ ਨੂੰ ਇੱਕ ਸਵੈ-ਨਿਰਭਰ ਅਤੇ ਵਿਕਸਤ ਭਾਰਤ ਵੱਲ ਲਿਜਾਇਆ ਜਾਵੇਗਾ।

ਸੰਤੋਸ਼ ਕਟਾਰੀਆ ਵਿਧਾਇਕ ਦੀ ਹਾਜ਼ਰੀ ਵਿੱਚ ਗ੍ਰਾਮ ਪੰਚਾਇਤ ਰੁੜਕੀ ਕਲਾ ਦੀ ਸਰਪੰਚ ਮਨਜੀਤ ਕੌਰ ਨੇ ਸਾਥੀਆਂ ਸਮੇਤ ਫੜਿਆ ਆਪ ਦਾ ਪੱਲਾ...

ਆਮ ਆਦਮੀ ਪਾਰਟੀ ਦੇ ਵੱਲੋਂ ਹਰ ਵਲੰਟੀਅਰ ਤੇ ਵਰਕਰ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾ ਰਿਹਾ: ਕਟਾਰੀਆ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ) ਭਗਵੰਤ ਮਾਨ ਮੁੱਖ ਮੰਤਰੀ ਪੰਜਾਬ, ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਤੇ ਹਲਕਾ ਵਿਧਾਇਕ ਸ੍ਰੀਮਤੀ ਸੰਤੋਸ਼ ਕਟਾਰੀਆ ਦੀ ਅਗਵਾਈ ਵਿੱਚ ਪਿੰਡ ਰੁੜਕੀ ਕਲਾ ਦੀ ਸਰਪੰਚ ਮਨਜੀਤ ਕੌਰ ,ਪੰਚ ਕਸ਼ਮੀਰ ਕੌਰ, ਪੰਚ ਸਰਬਜੀਤ ਕੌਰ, ਪੰਚ ਪਰਮਜੀਤ ਕੌਰ, ਪੰਚ ਅਸ਼ੋਕ ਕੁਮਾਰ ਅਤੇ ਪੰਚ ਧਰਮਪਾਲ ਆਦਿ ਨੇ ਸਾਥੀਆ ਸਮੇਤ 'ਆਪ' 'ਚ ਸ਼ਾਮਲ ਹੋਏ। ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਨੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ 'ਆਪ' 'ਚ ਆਏ ਸਾਰੇ ਸਮਰਥਕਾਂ ਦਾ ਨਿੱਘਾ ਸਵਾਗਤ ਮਫਲਰ ਪਾ ਕੇ ਕੀਤਾ। ਸੰਤੋਸ਼ ਕਟਾਰੀਆ ਨੇ ਕਿਹਾ ਕਿ ਸ਼ਾਮਲ ਹੋਏ ਸਾਰੇ ਸਾਥੀਆਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਕਟਾਰੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਵਲੰਟੀਅਰ ਤੱਕ ਦੇ ਪਾਰਟੀ ਦੇ ਆਗੂਆਂ ਨੂੰ ਹਲਕੇ ਦੀ ਸੇਵਾ ਕਰਨ ਦਾ ਮੌਕਾ ਦਿੰਦੀ ਹੈ ਉਨ੍ਹਾਂ ਨੇ ਕਿਹਾ ਕਿ ਪਾਰਟੀ ਵਿੱਚ ਨਵੇਂ ਸ਼ਾਮਿਲ ਹੋਏ ਪਰਿਵਾਰਾ ਨੂੰ ਪਾਰਟੀ ਵੱਲੋਂ ਬਣਦਾ ਹਰ ਪ੍ਰਕਾਰ ਦਾ ਮਾਣ ਸਤਿਕਾਰ ਕੀਤਾ ਜਾਵੇਗਾ ਲ ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਸ਼ਾਮਲ ਹੋਏ ਸਾਥੀਆਂ ਦਾ ਸੁਆਗਤ ਕੀਤਾ ਅਤੇ ਕਿਹਾ ਕਿ ਲੋਕ ਰਵਾਇਤੀ ਪਾਰਟੀਆਂ ਦੇ ਲੋਕ ਲੁਭਾਵਣੇ ਝੂਠੇ ਵਾਅਦਿਆਂ ਤੋਂ ਦੁਖੀ ਹਨ। ਜਿਸ ਦੇ ਕਾਰਨ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ,ਸਰਪੰਚ ਭਾਗ ਸਿੰਘ ਪਿੰਡ ਨਿਊ ਕਲੋਨੀ ਰਕੜਾ ਬੇਟ, ਰਜਿੰਦਰ ਕੁਮਾਰ ਚਰਨਜੀਤ ਸਿੰਘ, ਨਰਿੰਦਰ ਪਾਲ ,ਮੋਹਿਤ ਬੰਗਾ ,ਅਜੇ ਕੁਮਾਰ, ਕੁਲਵਿੰਦਰ ਕੁਮਾਰ ਆਦਿ ਪਿੰਡ ਵਾਸੀ ਅਤੇ ਪਾਰਟੀ ਵਲੰਟੀਅਰ ਹਾਜ਼ਰ ਸਨ।

23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਜਾਣਿਆ ਜਾਵੇਗਾ – ਨਿਰਮਲ ਸਿੰਘ ਥਿੰਦ

ਡਾਕਟਰ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਸਿਰਜਿਆ ਜਾ ਰਿਹਾ ਨਵਾਂ ਇਤਿਹਾਸ

ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ਼ ਪੰਜਾਬ ਦੇ ਸੱਦੇ ਤੇ ਏਕਮ ਪਬਲਿਕ ਸਕੂਲ ਮਹਿਤਪੁਰ ਵੱਲੋਂ 23 ਸਤੰਬਰ ਨੂੰ ਬਾਬਾ ਫਰੀਦ ਜੀ ਦੇ ਜਨਮ ਉਤਸਵ ਨੂੰ ਸਮਰਪਿਤ 'ਵਿਸ਼ਵ ਪੰਜਾਬ ਦਿਵਸ' ਵਜੋਂ ਮਨਾਇਆ ਜਾਵੇਗਾ। ਜਾਣਕਾਰੀ ਦਿੰਦੇ ਹੋਏ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਨੇ ਦੱਸਿਆ ਕਿ ਇਸ ਦਿਨ ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਆਉਣਗੇ ਅਤੇ ਨਿਰੋਲ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕਰਨਗੇ। ਹਰ ਇੱਕ ਵਿਦਿਆਰਥੀ ਇੱਕ ਪੰਨਾ ਗੁਰਮੁਖੀ ਲਿਪੀ ਦਾ ਸੁੰਦਰ ਲਿਖਾਈ ਵਿੱਚ ਲਿਖ ਕੇ ਸ਼ੋਸ਼ਲ ਮੀਡੀਆ ਉੱਪਰ ਅਪਲੋਡ ਕਰੇਗਾ। ਇਸ ਦਿਨ ਸੰਸਥਾ ਵਿੱਚ ਵਿਦਿਆਰਥੀ ਕਵਿਤਾ ਉਚਾਰਨ, ਕਾਵਿ ਲੇਖਣ, ਨਿਬੰਧ ਲੇਖਣ, ਕਹਾਣੀ ਰਚਨਾ, ਵਾਦ—ਵਿਵਾਦ, ਭਾਸ਼ਣ ਮੁਕਾਬਲਾ, ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਮੁਕਾਬਲਾ, ਸ਼ਬਦ ਜੋੜ ਮੁਕਾਬਲਾ, ਬੋਲ—ਲਿਖਤ, ਸਵਾਲ—ਜਵਾਬ ਮੁਕਾਬਲਾ, ਪੋਸਟਰ ਮੁਕਾਬਲਾ, ਪੰਜਾਬੀ ਭਾਸ਼ਾ ਵਿੱਚ ਨਾਅਰਾ ਲਿਖਣਾ, ਅੱਖਰਕਾਰੀ ਮੁਕਾਬਲੇ ਵਿੱਚ ਹਿੱਸਾ ਲੈਣਗੇ। ਉਹਨਾਂ ਦੱਸਿਆ ਕਿ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਇਹ ਇੱਕ ਨਵਾਂ ਆਰੰਭ ਹੋ ਰਿਹਾ ਹੈ। ਡਾ. ਧੂਰੀ ਮੁਤਾਬਕ ਸਦੀਆਂ ਤੋਂ ਪੰਜਾਬੀਆਂ ਦੀ ਸਭਿਆਚਾਰਕ ਅਤੇ ਸਾਹਿਤਕ ਬੋਲੀ ਦਾ ਹੱਕ ਬਣਦਾ ਹੈ ਕਿ ਵਿਸ਼ਵ ਵਿੱਚ ਵੱਸਦੇ ਸਮੂਹ ਪੰਜਾਬੀ ਹਰ ਸਾਲ ਇੱਕ ਦਿਨ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ। ਪੰਜਾਬੀ ਬੋਲੀ ਨੂੰ ਇਹ ਹੱਕ ਦੇਣ ਲਈ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਬਾਬਾ ਫ਼ਰੀਦ ਜੀ ਦੇ ਆਗਮਨ ਦਿਵਸ ਨੂੰ ਸਮਰਪਿਤ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਲਿਆ ਗਿਆ ਹੈ। ਬਾਬਾ ਫ਼ਰੀਦ ਜੀ ਪੰਜਾਬੀ ਦੇ ਪਹਿਲੇ ਸਿਰਮੌਰ ਕਵੀਆਂ ਵਿੱਚੋਂ ਹਨ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦੇ ਕੇ ਸਤਿਕਾਰਿਆ ਗਿਆ ਹੈ। ਪੰਜਾਬ ਦੀਆਂ ਸਮੂਹ ਸਿੱਖਿਅਕ ਸੰਸਥਾਵਾਂ ਸਕੂਲ ਅਤੇ ਕਾਲਜ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣਗੀਆਂ।

ਰੈੱਡ ਕਰਾਸ ਸੋਸਾਇਟੀ ਨੇ ਭਾਈ ਘਨੱਈਆ ਜੀ ਦੀ ਯਾਦ 'ਚ ਮਨਾਇਆ ਮਾਨਵ ਸੇਵਾ ਸੰਕਲਪ ਦਿਵਸ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਸਾਂਝੀ ਰਸੋਈ ਵਿਖੇ ਮਾਨਵ ਸੇਵਾ ਸੰਕਲਪ ਦਿਵਸ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਨੇ ਭਾਈ ਘਨੱਈਆ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਮਾਰਗ 'ਤੇ ਚੱਲਣ ਦਾ ਪ੍ਰਣ ਲਿਆ। ਰੈੱਡ ਕਰਾਸ ਸੋਸਾਇਟੀ, ਹੁਸ਼ਿਆਰਪੁਰ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਰੈੱਡ ਕਰਾਸ ਸੋਸਾਇਟੀ ਕਈ ਲੋਕ ਭਲਾਈ ਪ੍ਰੋਜੈਕਟ ਚਲਾਉਂਦੀ ਹੈ। ਸਾਂਝੀ ਰਸੋਈ ਵਿਖੇ ਹਰ ਰੋਜ਼ਾਨਾ ਲੱਗਭਗ 450 ਤੋਂ 500 ਲੋਕ ਦੁਪਹਿਰ ਦੇ ਖਾਣੇ ਦਾ ਲਾਭ ਉਠਾ ਰਹੇ ਹਨ। ਸਕੱਤਰ ਨੇ ਅੱਗੇ ਦੱਸਿਆ ਕਿ ਭਾਈ ਘਨੱਈਆ ਜੀ ਨੂੰ ਸਮਰਪਿਤ ਮਾਨਵ ਸੇਵਾ ਸੰਕਲਪ ਦਿਵਸ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਅਤੇ

ਉਨ੍ਹਾਂ ਦੀਆਂ ਸੇਵਾਵਾਂ ਨੂੰ ਯਾਦ ਕਰਕੇ ਮਨਾਇਆ ਗਿਆ। ਇਸ ਮੌਕੇ ਰੈੱਡ ਕਰਾਸ ਸੋਸਾਇਟੀ, ਹੁਸ਼ਿਆਰਪੁਰ ਨੇ ਮਰੀਜ਼ਾਂ ਦੀ ਸਹਾਇਤਾ ਲਈ ਵੱਖ-ਵੱਖ ਗੁਰਦੁਆਰਿਆਂ, ਜਿਵੇਂ ਕਿ ਗੁਰਦੁਆਰਾ ਸ਼੍ਰੀ ਕਲਗੀਧਰ ਸਾਹਿਬ ਜੀ, ਗੁਰਦੁਆਰਾ ਸਿੰਘ ਸਭਾ ਅਤੇ ਗੁਰਦੁਆਰਾ ਮਿੱਠਾ ਟਿਵਾਣਾ ਸਾਹਿਬ ਜੀ, ਗੁਰਦੁਆਰਾ ਭਾਈ ਜੋਗਾ ਸਿੰਘ ਜੀ, ਗੁਰਦੁਆਰਾ ਸ਼੍ਰੀ ਰਾਮ ਭਵਨ ਚੈਰੀਟੇਬਲ ਡਿਸਪੈਂਸਰੀ ਵਿਚ ਮਰੀਜ਼ਾਂ ਦੀ ਮੁੱਢਲੀ ਸਹਾਇਤਾ ਲਈ ਕਿੱਟਾਂ ਪ੍ਰਦਾਨ ਕੀਤੀਆਂ। ਇਨ੍ਹਾਂ ਕਿੱਟਾਂ ਵਿਚ ਮੁੱਢਲੀ ਸਹਾਇਤਾ ਲਈ ਪੱਟੀਆਂ, ਦਵਾਈਆਂ, ਰੂੰ ਅਤੇ ਕੀਟਾਣੂਨਾਸ਼ਕ ਦਵਾਈਆਂ ਆਦਿ ਸ਼ਾਮਿਲ ਸਨ। ਇਸ ਮੌਕੇ ਰਾਜੀਵ ਬਜਾਜ, ਵਾਈਸ ਪ੍ਰੈਜ਼ੀਡੈਂਟ ਹਸਪਤਾਲ ਵੈਲਫੇਅਰ ਬ੍ਰਾਂਚ, ਆਦਿੱਤਿਆ ਰਾਣਾ ਸੰਯੁਕਤ ਸਕੱਤਰ, ਸਰਬਜੀਤ ਲੇਖਾਕਾਰ ਅਤੇ ਰੈੱਡ ਕਰਾਸ ਸਟਾਫ਼ ਦੇ ਹੋਰ ਮੈਂਬਰ ਮੌਜੂਦ ਸਨ।

ਐਸ.ਡੀ.ਐਮ ਦੀ ਪ੍ਰਧਾਨਗੀ ਹੇਠ ਹੋਈ ਪਰਾਲੀ ਪ੍ਰਬੰਧਨ ਸਬੰਧੀ ਅਹਿਮ ਮੀਟਿੰਗ

ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਨੇੜਿਓਂ ਨਜ਼ਰ ਰੱਖਣ ਦੇ ਦਿੱਤੇ ਨਿਰਦੇਸ਼

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਦੀ ਪ੍ਰਧਾਨਗੀ ਹੇਠ ਐਸ.ਡੀ.ਐਮ ਦਫ਼ਤਰ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਇਕ ਅਹਿਮ ਮੀਟਿੰਗ ਹੋਈ। ਮੀਟਿੰਗ ਵਿਚ ਸਾਰੇ ਤਹਿਸੀਲਦਾਰ/ਨਾਇਬ ਤਹਿਸੀਲਦਾਰ, ਖੇਤੀਬਾੜੀ ਵਿਕਾਸ ਅਧਿਕਾਰੀ, ਪੁਲਿਸ ਸਟੇਸ਼ਨ ਇੰਚਾਰਜ, ਕਲੱਸਟਰ ਅਤੇ ਨੋਡਲ ਅਧਿਕਾਰੀ, ਜ਼ਿਲ੍ਹਾ ਫਾਇਰ ਅਫ਼ਸਰ, ਸਿਹਤ ਵਿਭਾਗ, ਜੰਗਲਾਤ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਮੀਟਿੰਗ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਵਿਭਾਗਵਾਰ ਜ਼ਿੰਮੇਵਾਰੀਆਂ ਸਪੱਸ਼ਟ ਕੀਤੀਆਂ ਗਈਆਂ। ਐਸ ਡੀ ਐਮ ਨੇ ਅਧਿਕਾਰੀਆਂ ਨੂੰ ਉਨ੍ਹਾਂ ਪਿੰਡਾਂ ਵਿਚ ਵਿਸ਼ੇਸ਼ ਚੌਕਸੀ ਰੱਖਣ ਦੇ ਨਿਰਦੇਸ਼ ਦਿੱਤੇ ਜਿਥੇ ਪਿਛਲੇ ਸਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਜ਼ਿਆਦਾ ਹੋਈਆਂ ਸਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਮਸ਼ੀਨਰੀ ਦੀ ਉਪਲਬੱਧਤਾ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਅਤੇ ਪਿੰਡ ਪੱਧਰ 'ਤੇ ਜਾਗਰੂਕਤਾ ਪ੍ਰੋਗਰਾਮ ਨਿਯਮਤ ਤੌਰ 'ਤੇ ਚਲਾਏ ਜਾਣੇ ਚਾਹੀਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਪਰਾਲੀ ਸਾੜਨਾ ਵਾਤਾਵਰਨ ਦੇ ਨਾਲ-ਨਾਲ ਜਨਤਕ ਸਿਹਤ ਲਈ ਵੀ ਹਾਨੀਕਾਰਕ ਹੈ। ਇਸ ਲਈ ਪੰਚਾਇਤਾਂ ਦੇ ਨੁਮਾਇੰਦਿਆਂ, ਨੰਬਰਦਾਰਾਂ ਅਤੇ ਕਿਸਾਨਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਿਆ ਜਾਣਾ ਚਾਹੀਦਾ ਹੈ। ਐਸ. ਡੀ. ਐਮ ਨੇ

ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਕਿ ਪਰਾਲੀ ਸਾੜਨ ਦੀ ਕਿਸੇ ਵੀ ਘਟਨਾ ਦੀ ਤੁਰੰਤ ਰਿਪੋਰਟ ਕੀਤੀ ਜਾਵੇ। ਜ਼ਿਲ੍ਹਾ ਫਾਇਰ ਅਫ਼ਸਰ ਨੂੰ ਹਦਾਇਤ ਕੀਤੀ ਗਈ ਕਿ ਉਹ ਕਿਸੇ ਵੀ ਅੱਗ ਲੱਗਣ ਦੀ ਸੂਰਤ ਵਿਚ ਤੁਰੰਤ ਕੰਟਰੋਲ ਰੂਮ ਨੂੰ ਸੂਚਿਤ ਕਰਨ ਅਤੇ ਰਾਹਤ ਕਾਰਜਾਂ ਲਈ ਪੂਰੀ ਤਰ੍ਹਾਂ ਤਿਆਰ ਰਹਿਣ। ਐਸ. ਡੀ. ਐਮ ਗੁਰਸਿਮਰਨਜੀਤ ਕੌਰ ਨੇ ਕਿਹਾ ਕਿ ਪਰਾਲੀ ਪ੍ਰਬੰਧਨ ਵਿਚ ਸਫਲਤਾ ਸਾਰੇ ਵਿਭਾਗਾਂ ਵਿਚਕਾਰ ਤਾਲਮੇਲ ਨਾਲ ਹੀ ਸੰਭਵ ਹੈ। ਉਨ੍ਹਾਂ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੰਮ ਨੂੰ ਜਨਤਕ ਜਾਗਰੂਕਤਾ ਮੁਹਿੰਮ ਵਜੋਂ ਲੈਣ ਤਾਂ ਜੋ ਜ਼ਿਲ੍ਹੇ ਨੂੰ ਪਰਾਲੀ ਮੁਕਤ ਬਣਾਉਣ ਦਾ ਟੀਚਾ ਪ੍ਰਾਪਤ ਕੀਤਾ ਜਾ ਸਕੇ।

ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਮੁਕੰਦਪੁਰ-ਚੱਕਦਾਨਾ ਸੜਕ ਦੇ ਕੰਮ ਦਾ ਰੱਖਿਆ ਨੀਂਹ ਪੱਥਰ

ਨਵਾਸ਼ਹਿਰ /ਬੰਗਾ (ਜਤਿੰਦਰ ਪਾਲ ਸਿੰਘ ਕਲੇਰ) ਨੇੜਲੇ ਪਿੰਡ ਮੁਕੰਦਪੁਰ ਤੋਂ ਚੱਕਦਾਨਾ ਸੜਕ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਦਿਆਂ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿਚ ਸੜਕੀ ਸੰਪਰਕ ਨੂੰ ਹੋਰ ਬੇਹਤਰ ਬਣਾਏਗੀ। ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਸਮੇਤ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਦਿਆਂ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ 4.30 ਕਰੋੜ ਰੁਪਏ ਦੀ ਲਾਗਤ ਨਾਲ ਇਹ 9.62 ਕਿਲੋਮੀਟਰ ਲੰਬਾਈ ਵਾਲੀ ਸੜਕ ਦਾ ਕੰਮ ਜਲਦ ਹੀ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸੜਕ ਬਨਣ ਨਾਲ ਬੰਗਾ ਤੋਂ ਫਿਲੌਰ ਮ ਵਾਲੀ ਆਵਾਜਾਈ ਹੋਰ ਸੁਖਾਲੀ ਹੋ ਜਾਵੇਗੀ ਅਤੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਫਿਲੌਰ ਰੋਡ ਤੋਂ ਫਗਵਾੜਾ-ਰੋਪੜ ਸੜਕ ਤੱਕ ਇਹ ਮਹੱਤਵਪੂਰਨ ਲਿੰਕ ਸੜਕ ਦੇ ਨਿਰਮਾਣ ਨਾਲ ਇਲਾਕੇ ਦੇ ਪੇਂਡੂ ਖੇਤਰ ਦਾ ਸੰਪਰਕ ਹੋਰ ਮਜ਼ਬੂਤ ਹੋਵੇਗਾ ।

ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਸੜਕਾਂ ਦੀ ਹਾਲਤ ਨੂੰ ਸੁਧਾਰਨ ਅਤੇ ਸੜਕੀ ਨੈਟਵਰਕ ਨੂੰ ਮਜ਼ਬੂਤ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਹੜ੍ਹਾਂ ਨਾਲ ਨੁਕਸਾਨੀਆਂ ਸੜਕਾਂ ਦੇ ਨਾਲ-ਨਾਲ ਹਰ ਖੇਤਰ ਵਿਚ ਸੜਕੀ ਨੈਟਵਰਕ ਹੋਰ ਬੇਹਤਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਬੰਧਤ ਅਧਿਕਾਰੀਆਂ ਨੂੰ ਸੜਕ ਦੇ ਕੰਮ ਦੀ ਗੁਣਵੱਤਾ ਅਤੇ ਨਿਰਧਾਰਤ ਸਮੇਂ ਦੀ ਵੀ ਪੂਰਨ ਪਾਲਣਾ ਦੀ ਹਦਾਇਤ ਕੀਤੀ ਜਾ ਚੁੱਕੀ ਹੈ।

ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਕਿਹਾ ਕਿ ਹਲਕੇ ਵਿਚ ਜਿੱਥੇ ਵੀ ਸੜਕੀ ਸੁਧਾਰ ਜਾਂ ਅਪਗ੍ਰੇਡੇਸ਼ਨ ਦੀ ਲੋੜ ਹੈ ਉਥੇ ਜਲਦ ਹੀ ਕੰਮ ਸ਼ੁਰੂ ਕਰਵਾ ਕੇ ਲੋਕਾਂ ਨੂੰ ਲੋੜੀਂਦੀ ਸਹੂਲਤ

ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਮੁਕੰਦਪੁਰ ਤੋਂ ਚੱਕਦਾਨਾ ਲਿੰਕ ਸੜਕ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਦੇ ਹੋਏ । ਨਾਲ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਹੋਰ ਵੀ ਦਿਖਾਈ ਦੇ ਰਹੇ ਹਨ।

ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸੜਕ ਬਨਣ ਤੋਂ ਬਾਅਦ ਅਗਲੇ ਪੰਜ ਸਾਲ ਦੌਰਾਨ ਇਸ ਦੀ ਮੈਂਟੀਨੈਂਸ ਨੂੰ ਵੀ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਐਸ.ਡੀ.ਐਮ. ਅਨਮਜਯੋਤ ਕੌਰ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਜੋਤ ਕੌਰ ਲੋਹਟੀਆ, ਸਰਪੰਚ ਪੰਕਜ ਲੋਹਟੀਆ, ਕਾਰਜਕਾਰੀ ਇੰਜੀਨੀਅਰ ਗੌਰਵ ਭੱਟੀ, ਆਮ ਆਦਮੀ ਪਾਰਟੀ ਦੇ ਆਗੂ ਸੋਹਣ ਲਾਲ ਢੰਡਾ, ਪੰਚ ਰਾਮ ਕਿਸ਼ਨ, ਪੰਚ ਸੋਨੂੰ, ਚਰਨਜੀਤ ਸਿੰਘ ਗਹਿਲ ਮਜਾਰੀ, ਮਨਜੀਤ ਸਿੰਘ, ਅਮਰਜੀਤ ਬਜਾਜ ਆਦਿ ਵੀ ਮੌਜੂਦ ਸਨ।

ਵਿਚਾਰਾਂ ਤੋਂ ਇਨਸਾਨ

ਰੁਲਦੂ ਰਾਮ ਪਿੰਡ ਰੰਚਣਾਂ ਦੀ
ਜਿੰਦ ਜਾਨ ਜਾਪਦੈ ।
ਉਂਜ ਹੁਣ ਤਾਂ ਚੰਦ ਕੁ ਸਾਲਾਂ ਦਾ
ਮਹਿਮਾਨ ਜਾਪਦੈ ।
ਹੈ ਜਨਮ ਤੋਂ ਹਿੰਦੂ ਪਹਿਰਾਵੇ ਤੋਂ
ਸਿੱਖ ਲਗਦਾ ਹੈ ;
ਸੁਣਦੇ ਹਾਂ ਜਦੋਂ ਵਿਚਾਰ ਤਾਂ
ਬੱਸ ਇਨਸਾਨ ਜਾਪਦੈ।

ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

ਫਾਨੀ ਸੰਸਾਰ

ਮਰਿਆਂ ਨਾਲ ਵੀ ਨਾ ਕਦੇ ਹੀ
ਮਰਿਆ ਜਾਂਦਾ ਐ
ਰਹਿੰਦਿਆਂ ਸਾਹਾਂ ਤੱਕ ਵਿਛੋੜਾ
ਵੀ ਜਰਿਆ ਜਾਂਦਾ ਐ
ਆਖ਼ਰ ਨੂੰ ਤਾਂ ਇਹ ਜ਼ਿੰਦੜੀ ਵੀ
ਹੋ ਜਾਣੀ ਰਾਖ ਹੈ...
ਛੱਡ ਜਾਣਾ... ਛੱਡ ਜਾਣਾ ਫਾਨੀ ਸੰਸਾਰ ਨੂੰ
ਇਹ ਗੱਲ ਬਿਲਕੁਲ ਸਾਫ ਹੈ...
ਨਾ ਕਰ ਠੱਗੀਆਂ ਠੋਰੀਆਂ ਕਰਕੇ
ਇਹ ਦੌਲਤ ਕੱਠੀ ਤੂੰ
ਆਖ਼ਰ ਨੂੰ ਇਹ ਸਭ ਛੱਡ ਜਾਣਾ
ਖ਼ਾਲੀ ਹੱਥ ਹੈ ਤੂੰ...
ਉੱਡ ਜਾਏ ਪਾਣੀ ਵਿੱਚੋਂ ਜਿੱਦਾਂ
ਨਾ ਫਿਰ ਲੱਭਦੀ ਭਾਫ਼ ਹੈ...
ਛੱਡ ਜਾਣਾ... ਛੱਡ ਜਾਣਾ ਫਾਨੀ ਸੰਸਾਰ ਨੂੰ
ਇਹ ਗੱਲ ਬਿਲਕੁਲ ਸਾਫ ਹੈ...
ਕਰਕੇ ਬੰਦਿਆ ਕੰਮ ਤੂੰ ਚੰਗੇ
ਕਰ ਲੈ ਮਿਸਾਲਾਂ ਕਾਇਮ
ਏਥੇ ਕਿਸੇ ਨਾ ਬੈਠਿਆਂ ਰਹਿਣਾ
ਇਹ ਵੀ ਕੱਢ ਲੈ ਵਹਿਮ
ਚਾਰ ਬੰਦੇ ਜੱਗੀ ਕਰਨਗੇ ਚੇਤੇ
ਜੇ ਤੈਨੂੰ ਰਾਹ ਪਸੰਦ ਇਨਸਾਫ਼ ਹੈ
ਛੱਡ ਜਾਣਾ...ਛੱਡ ਜਾਣਾ ਫਾਨੀ ਸੰਸਾਰ ਨੂੰ
ਇਹ ਗੱਲ ਬਿਲਕੁਲ ਸਾਫ ਹੈ...
ਛੱਡ ਜਾਣਾ....

ਜਗਵਿੰਦਰ ਸਿੰਘ ਜੱਗੀ
ਡੁਮਾਣਾ ਲੋਹੀਆਂ ਖਾਸ ਜਲੰਧਰ
ਪੰਜਾਬ 8872313705

ਹਜ਼ਾਰੇ ਵਾਲ਼ਾ ਪੀਰ

ਲੱਭ ਦਿਲਦਾਰ ਕੋਈ,
ਤਾਰਿਆਂ ਦੇ ਪਿੰਡ ਦਾ।
ਜਿਹਨੂੰ ਵੇਖ ਸਾਡਾ ਇਹ,
ਵੈਰਾਗ ਜਾਵੇ ਖਿੰਡਦਾ।
ਆਪਾਂ ਖ਼ੈਰ ਮੰਗੀਏ ਵੇ,
ਇਹੋ-ਜਿਹੇ ਫ਼ਕੀਰ ਦੀ।
ਜੀਹਦੀ ਇੱਕੋ ਝਾਕਣੀ,
ਪਹਾੜ ਜਾਵੇ ਚੀਰਦੀ।

ਹਾਸਿਆਂ ਦੇ ਧਾਗੇ ਵਿੱਚ,
ਗ਼ਮਾਂ ਨੂੰ ਪਰੋਂਦਾ ਹੋਵੇ।
ਦਿਲ ਹੋਵੇ ਸੁੱਚਾ ,
ਉੱਚੀ ਹੇਕ ਵਿੱਚ ਗਾਉਂਦਾ ਹੋਵੇ।
ਅਸੀਂ ਪੂਜਾ ਕਰਨੀ ਵੇ,
ਉਹਦੀ ਤਸਵੀਰ ਦੀ।
ਜਿਹਦੀ ਇੱਕੋ ਝਾਕਣੀ,
ਪਹਾੜ ਜਾਵੇ ਚੀਰਦੀ।

ਅਜ਼ਲੋਂ ਵੈਰਾਗੀ ਹੋਵੇ,
ਪੀੜਾਂ ਦਾ ਸ਼ੁਦਾਈ ਹੋਵੇ।
ਦੀਦ ਵਾਲ਼ੀ ਤਾਂਘ ਜਿਹਨੇ,
ਦੀਦਿਆਂ ਨੂੰ ਲਾਈ ਹੋਵੇ।
ਜਿਹਨੇ ਫੇਰੀ ਹੋਵੇ,
ਤਕਦੀਰ, ਤਕਦੀਰ ਦੀ।
ਜਿਹਦੀ ਇੱਕੋ ਝਾਕਣੀ,
ਪਹਾੜ ਜਾਵੇ ਚੀਰਦੀ।

ਮੁੱਖੜੇ 'ਤੇ ਸਹਿਜ,
ਲੰਮੇ ਪੈਂਡਿਆਂ ਦਾ ਸੰਗ ਹੋਵੇ।
ਨੈਣਾਂ ਵਿੱਚ ਝੰਗ ਦਿਆਂ,
ਬੇਲਿਆਂ ਦਾ ਰੰਗ ਹੋਵੇ।
ਹੱਥਾਂ ਵਿੱਚ ਫੜੀ ਵੇ,
ਕਿਤਾਬ ਹੋਵੇ ਹੀਰ ਦੀ।
ਜਿਹਦੀ ਇੱਕੋ ਝਾਕਣੀ
ਪਹਾੜ ਜਾਵੇ ਚੀਰਦੀ।

ਤਖ਼ਤਾਂ ਦਾ ਰਾਜਾ ਹੋਵੇ,
ਟਿੱਲਿਆਂ ਨਾ' ਸਾਕ ਹੋਵੇ।
ਆਸ਼ਕਾਂ ਦਾ ਰੱਬ ਹੋਵੇ,
ਮੱਝੀਆਂ ਦਾ ਚਾਕ ਹੋਵੇ।
ਭਾਲ਼ ਕਿਤੋਂ ਵੰਝਲੀ,
ਹਜ਼ਾਰੇ ਵਾਲ਼ੇ ਪੀਰ ਦੀ।
ਜਿਹਦੀ ਇੱਕੋ ਝਾਕਣੀ,
ਪਹਾੜ ਜਾਵੇ ਚੀਰਦੀ।

ਰਿਤੂ ਵਾਸੁਦੇਵ

'ਗੱਭਰੂ'

ਦੇਸ਼ ਮੇਰੇ ਦੇ ਮੁੱਛ ਪੁੱਟ ਗੱਭਰੂ,ਕੀ-ਕੀ ਰੋਗ ਲਗਾਈ ਫ਼ਿਰਦੇ,
ਵਿਚ ਨਸ਼ੇ ਦੇ ਇੱਦਾਂ ਘੁੰਮਦੇ, ਲੱਗਣ ਜਿਵੇਂ ਸਦਾਈ ਫ਼ਿਰਦੇ।
ਕਾਲੇ ਪੀਲੀਏ ਦਾ ਕੀ ਦੱਸਾਂ, ਏਡਜ਼ ! ਤੱਕ ਕਰਾਈ ਫ਼ਿਰਦੇ,
ਪਿਓ ਦਾਦੇ ਦੀ ਜੋੜੀ ਪੈਲੀ, ਨਸ਼ਿਆਂ ਵਿੱਚ ਉਡਾਈ ਫ਼ਿਰਦੇ।
ਭੁੱਲੇ ਇੱਜਤਾਂ ਅਣਖਾਂ ਦੀ ਗੱਲ,ਵਿਰਸਾ ਜਿਵੇਂ ਭੁਲਾਈ ਫ਼ਿਰਦੇ,
ਫੁੱਲਾਂ ਵਰਗੀਆਂ ਰੂਹਾਂ ਨੂੰ ਇਹ,ਕੀ ਕੀ ਰੋਗ ਲਗਾਈ ਫ਼ਿਰਦੇ
ਵਿੱਚ ਨਸ਼ੇ ਦੇ ਲੁੱਟਾਂ ਕਰਦੇ, ਅਣਖਾਂ ਸਭ ਭੁਲਾਈ ਫ਼ਿਰਦੇ,
ਇਹ ਪੰਜਾਬ ਦੇ ਅਣਖੀ ਯੋਧੇ,ਹੋਰ ਹੀ ਰੰਗ ਚੜਾਈ ਫ਼ਿਰਦੇ।
ਪੱਗ ਚੁੰਨੀ ਲਈ ਲੜਨੇ ਵਾਲੇ, ਛੇੜੀ ਹੋਰ ਲੜਾਈ ਫ਼ਿਰਦੇ,
ਮੁਲਕ ਬੇਗ਼ਾਨੇ ਲਾਏ ਡੇਰੇ,ਹੋਏ ਡਾਲਰਾਂ ! ਲਈ ਸਦਾਈ ਫ਼ਿਰਦੇ।
ਖਾਲਸ ਰੰਗ 'ਚੁ ਰੰਗਣ ਵਾਲੇ, ਭਗਮਾਂ ਰੰਗ ਚੜ੍ਹਾਈ ਫ਼ਿਰਦੇ,
ਬੇ-ਲੋੜੇ ਜਿਹੇ ਕਰਕੇ ਖਰਚੇ, ਕਰਜ਼ਾ! ਸਿਰ ਚੜ੍ਹਾਈ ਫ਼ਿਰਦੇ ।
ਮਾਂ ਬੋਲੀ ਤੋਂ ਬੇਮੁੱਖ ਹੋ ਕੇ, ਹੋਰ ਥਾਂ, ਆੜ੍ਹੀ ਪਾਈ ਫ਼ਿਰਦੇ,
ਮਾਖਿਓ ਮਿੱਠੀ ਮਾਂ ਬੋਲੀ ਨੂੰ ,ਕਾਹਤੋਂ ਦਿਲੋਂ ਭੁਲਾਈ ਫ਼ਿਰਦੇ ।
ਦੇਸ਼ ਦੀ ਖ਼ਾਤਰ ਮਰਨੇ ਵਾਲੇ,ਆਪਣੀ ਹੋਂਦ ਭਲਾਈ ਫ਼ਿਰਦੇ,
ਲੀਡਰ ਉਪਰੋਂ ਮਿਲੇ ਗ਼ਦਾਰੀ,ਦੇਸ਼ 'ਚ ਵੰਡੀ ਪਾਈ ਫ਼ਿਰਦੇ ।
ਜਿਨ੍ਹਾਂ ਦੇਸ਼ ਦੀ ਕਰਨੀ ਰਾਖੀ, ਉਹੀ ਦੇਸ਼ ਨੂੰ ਢਾਈ ਫ਼ਿਰਦੇ,
ਝੂਠੇ ਵਾਅਦੇ ਕਰ ਕਰ ਕੇ ਇਹ,ਦੇਸ਼ ਨੂੰ ਪਿੱਛੇ ਲਾਈ ਫ਼ਿਰਦੇ।
ਗੱਭਰੂ ਨਸ਼ਿਆਂ ਦੇ ਵਿੱਚ ਡੁੱਬੇ, ਸੁਪਨੇ ਸਭ ਭਲਾਈ ਫ਼ਿਰਦੇ,
ਬੁੱਢੇ ਮਾਪੇ ਕਰਨ ਉਡੀਕਾਂ ,ਗੱਭਰੂ ਮਹਿਫ਼ਲ ਲਾਈ ਫ਼ਿਰਦੇ।
ਵਿੱਚ ਹਵਾ ਦੇ ਗੱਡੀਆਂ ਜਾਵਣ,ਰੇਸ ਤੇ ਪੈਰ੍ਹ ਟਿਕਾਈ ਫ਼ਿਰਦੇ,
ਕੀ ਨਤੀਜੇ ਆਉਣੇ ਇਸਦੇ,ਸੁੱਧ-ਬੁੱਧ ਜਮਾਂ ਭੁਲਾਈ ਫ਼ਿਰਦੇ।
ਗੁਰੂ,ਗੁਰਬਾਣੀ ਚੇਤੇ ਕਿੱਥੇ, ਚੇਤੇ ! ਸਭ ਭੁਲਾਈ ਫ਼ਿਰਦੇ,
ਡੇਰੇਵਾਦ ਦੀ ਬੁਰੀ ਬਿਮਾਰੀ, ਚੇਤਿਆਂ ਵਿੱਚ ਵਸਾਈ ਫ਼ਿਰਦੇ।
ਮਾਂ ਬੋਲੀ ਨੂੰ ਭੁੱਲ ਕੇ ਇਹ ਤਾਂ, ਹੋਰ ਹੀ ਮਾਂ,ਬਣਾਈ ਫ਼ਿਰਦੇ,
ਵਾਰਸ - ਬੁੱਲੇ ਨੂੰ ਇਹ ਭੁੱਲੇ, ਹੋਰ ਹੀ ਗੁਰੂ ਬਣਾਈ ਫ਼ਿਰਦੇ।
ਕੁੜਤਾ-ਚਾਦਰਾ ਭੁੱਲੇ ਵਿਰਸਾ,ਜੀਨ ਨਾ ਕੁੱੜਤਾ ਪਾਈ ਫ਼ਿਰਦੇ,
ਉਦਮ,ਭਗਤ,ਕਰਤਾਰ ਨੂੰ ਭੁੱਲੇ, ਹੀਰੋ ਹੋਰ ਬਣਾਈ ਫਿਰਦੇ।
ਸੰਦੀਪ ਏ ਗੱਭਰੂ ਦੇਸ਼ ਮੇਰੇ ਦੇ, ਜਾਪਣ ਜਿਵੇਂ ਸੁਦਾਈ ਫਿਰਦੇ,
ਰਣਜੀਤ ਦੇ ਵਾਰਸ ਭੁੱਲ ਕੇ ਵਿਰਸਾ,ਕਿਹੜਾ ਰੰਗ ਚੜ੍ਹਾਈ ਫਿਰਦੇ।

ਸੰਦੀਪ ਸਿੰਘ 'ਬਖੋਪੀਰ'
ਸੰਪਰਕ:- 9815321017



ਸੈਂਟਰ ਕਟਾਰ ਸਿੰਘ ਵਾਲਾ ਦੀਆਂ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਵਾਂਦਰ ਪੱਤੀ ਕੋਟਸ਼ਮੀਰ ਦੇ ਖਿਡਾਰੀਆਂ ਦੀ ਝੰਡੀ

ਬਠਿੰਡਾ (ਰਮੇਸ਼ਵਰ ਸਿੰਘ): ਸੈਂਟਰ ਕਟਾਰ ਸਿੰਘ ਵਾਲਾ ਦੀਆਂ ਸੈਂਟਰ ਪੱਧਰੀ ਖੇਡਾਂ ਜੋ ਕਿ ਪਿੰਡ ਕੋਟਸ਼ਮੀਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਕਰਵਾਈਆਂ ਗਈਆਂ, ਵਿੱਚ ਸਰਕਾਰੀ ਪ੍ਰਾਇਮਰੀ ਸਕੂਲ, ਵਾਂਦਰ ਪੱਤੀ, ਕੋਟਸ਼ਮੀਰ ਦੇ ਖਿਡਾਰੀਆਂ ਨੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਲਗਭਗ ਸਾਰੀਆਂ ਖੇਡਾਂ ਵਿੱਚ ਦਬਦਬਾ ਬਣਾਈ ਰੱਖਿਆ। ਵਿਦਿਆਰਥੀਆਂ ਨੇ ਕਈ ਖੇਡਾਂ ਵਿੱਚ ਪਹਿਲੇ ਅਤੇ ਦੂਜੇ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਪਿੰਡ ਦਾ ਨਾਂ ਰੌਸ਼ਨ ਕੀਤਾ।

ਸਕੂਲ ਦੀ ਮੁਖੀ ਸੁਰਿੰਦਰ ਕੌਰ ਨੇ ਖਿਡਾਰੀਆਂ ਦੀ ਇਸ ਵੱਡੀ ਪ੍ਰਾਪਤੀ 'ਤੇ ਬੇਹੱਦ ਖੁਸ਼ੀ ਜ਼ਾਹਰ ਕੀਤੀ। ਉਨ੍ਹਾਂ ਨੇ ਇਸ ਸਫ਼ਲਤਾ ਦਾ ਪੂਰਾ ਸਿਹਰਾ ਸਕੂਲ ਦੇ ਸਮਰਪਿਤ ਅਧਿਆਪਕਾਂ ਅਤੇ ਮਿਹਨਤੀ ਬੱਚਿਆਂ ਦੀ ਸਾਂਝੀ ਮਿਹਨਤ ਨੂੰ ਦਿੱਤਾ। ਸਕੂਲ ਮੁਖੀ ਨੇ ਵਿਸ਼ੇਸ਼ ਤੌਰ 'ਤੇ ਮੈਡਮ ਸੁਮਨਪ੍ਰੀਤ ਕੌਰ ਸਿੱਧੂ, ਮੈਡਮ ਬਿੰਨੀ ਅਤੇ ਮਾਸਟਰ ਗੁਰਮਿੰਦਰ ਸਿੰਘ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਅਧਿਆਪਕਾਂ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਦਿਨ-ਰਾਤ ਸਖ਼ਤ ਮਿਹਨਤ ਕੀਤੀ। ਉਨ੍ਹਾਂ ਨੇ ਬੱਚਿਆਂ ਨੂੰ ਖੇਡਾਂ ਦੇ ਬਰੀਕ ਨੁਕਤਿਆਂ ਬਾਰੇ ਸਿਖਲਾਈ ਦਿੱਤੀ ਅਤੇ ਉਨ੍ਹਾਂ ਦੇ ਹੌਸਲੇ ਬੁਲੰਦ ਰੱਖੇ, ਜਿਸ ਕਾਰਨ ਹੀ ਬੱਚਿਆਂ ਨੇ ਖੇਡ ਦੇ ਮੈਦਾਨ ਵਿੱਚ ਇਹ ਇਤਿਹਾਸਕ ਜਿੱਤ ਦਰਜ ਕੀਤੀ। ਅਧਿਆਪਕਾਂ ਦਾ ਇਹ ਸਮਰਪਣ ਹੀ ਸਕੂਲ ਲਈ ਇੰਨੀ ਵੱਡੀ ਸਫਲਤਾ ਲੈ ਕੇ ਆਇਆ ਹੈ।

ਸਕੂਲ ਦੀ ਰੱਸਾ-ਕਸੀ ਟੀਮ ਨੇ ਸਖ਼ਤ ਮੁਕਾਬਲੇ ਰਾਹੀਂ ਪਹਿਲਾ ਸਥਾਨ ਹਾਸਲ ਕਰਕੇ ਆਪਣੀ ਤਾਕਤ ਅਤੇ ਇਕਜੁੱਟਤਾ ਦਾ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ, ਹਾਕੀ (ਮੁੰਡੇ ਅਤੇ ਕੁੜੀਆਂ) ਅਤੇ ਹੈਂਡਬਾਲ (ਕੁੜੀਆਂ) ਦੀਆਂ ਟੀਮਾਂ ਨੇ ਵੀ ਆਪਣੇ-ਆਪਣੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਜਿੱਤਿਆ। ਹੈਂਡਬਾਲ (ਮੁੰਡੇ), ਫੁੱਟਬਾਲ (ਲੜਕੀਆਂ) ਅਤੇ ਯੋਗਾ (ਕੁੜੀਆਂ) ਦੀਆਂ ਟੀਮਾਂ ਨੇ ਵੀ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਦੀ ਜਿੱਤ ਵਿੱਚ ਵੱਡਾ ਯੋਗਦਾਨ ਪਾਇਆ। ਕੁਸ਼ਤੀ ਵਿੱਚ ਸਕੂਲ ਦੇ ਇੱਕ ਖਿਡਾਰੀ ਹਿੰਮਤਜੀਤ ਨੇ 32 ਕਿਲੋ ਭਾਰ ਵਰਗ ਵਿੱਚ ਪਹਿਲਾ ਸਥਾਨ ਅਤੇ ਹਰਮਨ ਨੇ 25 ਕਿਲੋ ਭਾਰ ਵਰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਕਰਾਟੇ ਵਿੱਚ ਲੜਕੀਆਂ ਦੇ ਵਰਗ ਵਿੱਚ ਨਵਨੀਤ ਕੌਰ ਨੇ ਪਹਿਲਾ, ਜਦੋਂ ਕਿ ਨਵਦੀਪ ਕੌਰ ਅਤੇ ਐਸਦੀਪ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਲੜਕਿਆਂ ਦੇ ਕਰਾਟੇ ਮੁਕਾਬਲਿਆਂ ਵਿੱਚ ਹਰਮਨ ਸਿੰਘ ਨੇ ਵੀ ਪਹਿਲਾ ਸਥਾਨ ਜਿੱਤਿਆ। ਦੌੜ ਮੁਕਾਬਲਿਆਂ ਵਿੱਚ ਹਿੰਮਤਜੀਤ ਨੇ ਦੂਜਾ ਸਥਾਨ ਅਤੇ ਲੜਕੀਆਂ ਦੇ ਐਥਲੈਟਿਕਸ ਵਿੱਚ ਐਸਦੀਪ ਕੌਰ, ਗੁਰਨੂਰ ਕੌਰ ਅਤੇ ਗੁਰਵੀਰ ਕੌਰ ਨੇ ਵੀ ਦੂਜਾ ਸਥਾਨ ਪ੍ਰਾਪਤ ਕਰਕੇ ਆਪਣੀ ਯੋਗਤਾ ਦਾ ਸਬੂਤ ਦਿੱਤਾ।

ਇਸ ਮੌਕੇ 'ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਕਰਨ ਸਿੰਘ ਅਤੇ ਅਧਿਆਪਕ ਜਤਿੰਦਰ ਸ਼ਰਮਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ ਸਰੀਰਕ ਸਿਹਤ ਲਈ ਜ਼ਰੂਰੀ ਹਨ, ਬਲਕਿ ਇਹ ਬੱਚਿਆਂ ਵਿੱਚ ਅਨੁਸ਼ਾਸਨ, ਸਮਰਪਣ ਅਤੇ ਸਹਿਯੋਗ ਦੀ ਭਾਵਨਾ ਵੀ ਪੈਦਾ ਕਰਦੀਆਂ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਅਜਿਹੇ ਮੁਕਾਬਲੇ ਬੱਚਿਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਦਾ ਸਾਹ-ਮਣਾ ਕਰਨ ਲਈ ਤਿਆਰ ਕਰਦੇ ਹਨ।

ਜੇਤੂ ਖਿਡਾਰੀਆਂ ਦਾ ਸਕੂਲ ਮੈਨੇਜਮੈਂਟ ਕਮੇਟੀ, ਪਿੰਡ ਵਾਸੀਆਂ ਅਤੇ ਸਮੂਹ ਅਧਿਆਪਕਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਮੂਹ ਕਮੇਟੀ ਮੈਂਬਰ, ਬੱਚਿਆਂ ਦੇ ਮਾਪੇ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ। ਸਾਰਿਆਂ ਨੇ ਖਿਡਾਰੀਆਂ ਨੂੰ ਉਨ੍ਹਾਂ ਦੀ ਇਸ ਵੱਡੀ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਜਿੱਤ ਨੇ ਪੂਰੇ ਇਲਾਕੇ ਵਿੱਚ ਖੇਡਾਂ ਪ੍ਰਤੀ ਇੱਕ ਨਵੀਂ ਉਤਸ਼ਾਹ ਦੀ ਲਹਿਰ ਪੈਦਾ ਕੀਤੀ ਹੈ।

ਸਰਦਾਰ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਹਰ ਹੁਕਮ ਖਿੜੇ ਮੱਥੇ ਪ੍ਰਵਾਨ ਕਰਾਂਗੇ :ਹਿੰਮਤ ਸਿੰਘ ਰਾਜਾ

ਨਵਾਂਸ਼ਹਿਰ /ਰੋਪੜ (ਜਤਿੰਦਰ ਪਾਲ ਸਿੰਘ ਕਲੇਰ) ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਅਕਾਲੀ ਦੇ ਸੀਨੀਅਰ ਆਗੂ ਡਾਕਟਰ ਦਲਜੀਤ ਸਿੰਘ ਚੀਮਾ ਅਤੇ ਦੇ ਮੁੱਖ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨਾਲ ਸਿੱਖ ਸਟੂਡੈਂਟਸ ਫੈਡਰੇਸ਼ਨ ਗਰੇਵਾਲ ਦੇ ਜਿਲਾਂ ਪ੍ਰਧਾਨ ਜੱਥੇਦਾਰ ਹਿੰਮਤ ਸਿੰਘ ਰਾਜਾ ਸਰਦਾਰ ਮੋਹਣ ਸਿੰਘ ਮੁਹੰਦਮੀ ਪੁਰ ਕੋਮੀ ਮੀਤ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ ਗਰੇਵਾਲ ਅਤੇ ਹੋਰ ਪੁਰਾਣੇ ਅਕਾਲੀ ਵਰਕਰਾਂ ਨਾਲ ਵਿਸ਼ੇਸ਼ ਤੌਰ ਤੇ ਵਿਚਾਰ ਵਟਾਂਦਰਾ ਕਰਕੇ ਪੰਜਾਬ ਦੇ ਹਲਾਤ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਇਸ ਮੌਕੇ ਪ੍ਰਧਾਨ ਹਿੰਮਤ ਸਿੰਘ ਰਾਜਾ ਨੇ ਕਿਹਾ ਸਰਦਾਰ ਸੁਖਬੀਰ ਸਿੰਘ ਬਾਦਲ ਵਲੋਂ ਪੰਜਾਬ ਦੇ ਲੋਕਾਂ ਦੀ ਮਦਦ ਲਈ ਜੋ ਵੀ ਹੁਕਮ ਕੀਤਾ ਜਾਵੇਗਾ ਉਸ ਸਮੂਹ ਅਕਾਲੀ ਵਰਕਰ ਖਿੜੇ ਮੱਥੇ ਪ੍ਰਵਾਨ ਕਰਕੇ ਪੰਜਾਬ ਦੇ ਹੜ੍ਹ ਪੀੜਤ ਲੋਕਾਂ ਦੀ ਹਰ ਸੰਭਵ ਮਦਦ ਕਰਨਗੇ। ਉਨ੍ਹਾਂ ਕਿਹਾ ਪੰਜਾਬ ਦੀਆਂ ਸਮੂਹ ਰਾਜਨੀਤਿਕ ਪਾਰਟੀਆਂ ਨੂੰ ਪਾਰਟੀ ਪੱਧਰ ਤੋਂ ਉਪਰ ਉਠ ਕੇ ਸਰਦਾਰ ਸੁਖਬੀਰ ਸਿੰਘ ਬਾਦਲ ਵਾਂਗ ਹਰ ਮਾੜੇ ਇਲਾਕਿਆਂ ਦੇ ਲੋਕਾਂ ਦੀ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ।

ਪ੍ਰਵਾਸੀ ਮਜਦੂਰਾਂ ਦਾ ਸੰਕਟ, ਪੰਜਾਬ ਦੀ ਤਰੱਕੀ ਤੇ ਬ੍ਰੇਕ ਤੇ ਵੱਡਾ ਖਤਰਾ, ਉਦਯੋਗ ਤੋਂ ਖੇਤ ਤੱਕ ਪ੍ਰਵਾਸੀਆ ਤੇ ਟਿੱਕੀ ਅਰਥਵਿਵਸਥਾ

ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ) ਪੰਜਾਬ ਦੀ ਤਰੱਕੀ ਵਿੱਚ ਪ੍ਰਵਾਸੀ ਮਜਦੂਰਾਂ ਦੀ ਭੂਮਿਕ ਬੇਹੱਦ ਅਹਿਮ ਰਹੀ ਹੈ । ਉਦਯੋਗਾਂ ਤੋਂ ਲੈ ਕੇ ਖੇਤੀ ਬਾੜੀ ਅਤੇ ਦੁਕਾਨਾਂ ਤੋਂ ਲੈ ਕੇ ਘਰਾਂ ਤੱਕ, ਪ੍ਰਵਾਸੀ ਮਜ਼ਦੂਰਾਂ ਦੀ ਮਿਹਨਤ ਤੇ ਹੀ ਪੰਜਾਬ ਦੀ ਰੌਣਕ ਟਿੱਕੀ ਹੋਈ ਹੈ । ਸੂਬੇ ਵਿੱਚ ਇਸ ਸਮੇਂ 18 ਲੱਖ ਤੋਂ ਜਿਆਦਾ ਪ੍ਰਵਾਸੀ ਮਜਦੂਰ ਕੰਮ ਕਰ ਰਹੇ ਹਨ। ਇਨਾਂ ਵਿੱਚ ਸਿਰਫ ਲੁਧਿਆਣਾ ਦੀ ਉਦਯੋਗਿਕ ਇਕਾਈਆਂ ਵਿੱਚ ਅੱਠ ਲੱਖ ਤੋਂ ਜ਼ਿਆਦਾ ਮਜ਼ਦੂਰ ਸ਼ਾਮਿਲ ਹਨ ਅਤੇ ਪ੍ਰਵਾਸੀ ਮਜ਼ਦੂਰਾਂ ਦੇ ਖਿਲਾਫ ਬਣਾਇਆ ਜਾ ਰਿਹਾ ਮਾਹੌਲ ਸੂਬੇ ਦੇ ਲਈ ਵੱਡੀ ਖਤਰੇ ਦੀ ਘੰਟੀ ਹੈ. ਇਸ ਨੂੰ ਲੈ ਕੇ ਉਦਯੋਗਿਕ ਸੰਗਠਨ ਚਿੰਤਿਤ ਹਨ ਉਨ੍ਹਾਂ ਦਾ ਤਰਕ ਹੈ ਕਿ ਠੋਸ ਸਰਕਾਰ ਨੂੰ ਸਮਾ ਰਹਿੰਦੇ ਉਪਾਅ ਕਰਨੇ ਹੋਣਗੇ ।

80 ਫੀਸਦੀ ਅਸਗੰਠਿਤ ਮਜ਼ਦੂਰ ਪੰਜਾਬ ਦੇ ਉਦਯੋਗ ਜਗਤ ਦਾ ਕਹਿਣਾ ਹੈ ਕਿ 80 ਪ੍ਰਤੀਸ਼ਤ ਅਸੰਗਠਿਤ ਮਜ਼ਦੂਰ ਪ੍ਰਵਾਸੀ ਹਨ । ਇਹੀ ਹਾਲ ਖੇਤੀ ਦਾ ਵੀ ਹੈ । ਖੇਤੀ ਦੀ ਬੀਜਾਈ ਅਤੇ ਕਟਾਈ ਦਾ ਵੱਡਾ ਹਿੱਸਾ ਇਨਾਂ ਮਜ਼ਦੂਰਾਂ ਦੇ ਭਰੋਸੇ ਪੂਰਾ ਹੁੰਦਾ ਹੈ ਵਪਾਰੀਆਂ ਦਾ ਕਹਿਣਾ ਹੈ ਕਿ ਪ੍ਰਵਾਸੀ ਮਜ਼ਦੂਰ ਮਿਹਨਤੀ ਹੁੰਦੇਹਨ ਅਤੇ ਜ਼ਿਆਦਾਤਰ ਗੈਰ ਅਪਰਾਧਿਕ ਪ੍ਰਕਿਤੀ ਦੇ ਹੁੰਦੇ ਹਨ। ਇਸ ਵਜਾ ਨਾਲ ਉਨ੍ਹਾਂ ਨਾਲ ਕੰਮ ਕਰਨਾ ਆਸਾਨ ਰਹਿੰਦਾ ਹੈ। ਦੂਸਰੇ ਰਾਜਾਂ ਤੋਂ ਰਿਸ਼ਤੇ ਵਿਗੜਨ ਦਾ ਡਰ- ਉਦਯੋਗਪਤੀਆ ਅਤੇ ਮਾਹਿਰਾਂ ਦਾ ਕਹਿਣਾ ਹੈ ਕਿ ਸਥਿਤੀ ਜ਼ਿਆਦਾ ਵਿਗੜੀ ਤਾਂ ਦੂਸਰੇ ਰਾਜਾ ਤੇ ਪੰਜਾਬ ਦੇ ਰਿਸ਼ਤੇ ਖਰਾਬ ਹੋ ਸਕਦੇ ਹਨ । ਸ਼ੰਕਾ ਜਤਾਈ ਜਾ ਰਹੀ ਹੈ ਕਿ ਪੰਜਾਬ ਵਿੱਚ ਜਾਣ ਵਾਲੇ ਮਾਲ ਦੀ ਪੂਰਤੀ ਤੇ ਰੋਕ ਲੱਗ ਸਕਦੀ ਹੈ ਅਤੇ ਨਿਰਯਾਤ ਤੇਵੀ ਅਸਰ

ਪਵੇਗਾ। 50 ਲੱਖ ਪੰਜਾਬ ਵੀ ਕਰ ਰਹੇ ਪ੍ਰਵਾਸ ਜਾਣਕਾਰਾਂ ਨੇ ਇਹ ਵੀ ਯਾਦ ਦਿਵਾਇਆ ਕਿ ਪੰਜਾਬ ਦੇ 50 ਲੱਖ ਤੋ ਜਿਆਦਾ ਲੋਕ ਕੁਦ ਦੇਸ਼ ਦੇ ਵਿਦੇਸ਼ਾ ਵਿੱਚ ਰੋਜੀ ਰੋਟੀ ਕਮਾ ਰਹੇ ਅਲੱਗ ਅਲੱਗ ਹਿਸਿਆਂ ਅਤੇ ਹਨ । ਅਜਿਹੇ ਵਿੱਚ ਪ੍ਰਵਾਸੀ ਮਜ਼ਦੂਰਾਂ ਨੂੰ ਕੱਢਣ ਵਰਗੀਆਂ ਕੋਸ਼ਿਸ਼ਾ ਦੇ ਲਈ ਵੀ ਖਤਰਾ ਬਣ ਸਕਦੀ ਹੈ।

ਸੰਵਿਧਾਨ ਦੇ ਖਿਲਾਫ ਅੰਦੋਲਨ -ਭਾਰਤ ਸੰਘੀ ਢਾਂਚੇ ਵਾਲਾ ਦੇਸ਼ ਹੈ। ਸੰਵਿਧਾਨ ਦੇ ਤਹਿਤ ਕਿਸੇ ਵੀ ਰਾਜ ਨੂੰ ਇਹ ਅਧਿਕਾਰ ਨਹੀਂ ਕਿ ਉਹ ਦੂਸਰੇ ਰਾਜਾ ਦੇ ਨਾਗਰਿਕਾਂ ਨੂੰ ਬਾਹਰ ਕੱਢਣ । ਮਾਹਿਰਾਂ ਮੁਤਾਬਿਕ ਪ੍ਰਵਾਸੀ ਮਜ਼ਦੂਰਾਂ ਦੇ ਖਿਲਾਫ ਹੋ ਰਿਹਾ ਅੰਦੋਲਨ ਨਾ ਕੇਵਲ ਅਸੰਵਿਧਾਨਕ ਹੈ ਬਲਿਕ ਪੰਜਾਬ ਵਿਰੋਧੀ ਨੀਤੀ ਹੈ।ਸਰਕਾਰ ਨੂੰ ਸਖਤ ਕਦਮ ਚੁੱਕਣ ਦੀ ਮੰਗ - ਵਰਲ ਐਮਐਸਐਮਈ ਫੋਰਮ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਪੀਲ ਕੀਤੀ ਕਿ ਪ੍ਰਵਾਸੀ ਮਜ਼ਦੂਰਾਂ ਤੇ ਹੋ ਰਹੇ ਹਮਲੇ ਅਤੇ ਵਿਰੋਧ ਨੂੰ ਤੁਰੰਤ ਰੋਕਿਆ ਜਾਵੇ । ਫੋਰਮ ਦੇ ਪ੍ਰਧਾਨ ਬਦੀਸ਼ ਜਿੰਦਲ ਦਾ ਤਰਕ ਹੈ ਕਿ ਜੇਕਰ ਸਰਕਾਰ ਨੇ ਠੋਸ ਕਦਮ ਨਹੀਂ ਚੁੱਕੇ ਤਾਂ ਮਜਦੂਰਾ ਦੇ ਨਾਲ ਨਾਲ ਉਦਯੋਗ ਵੀ ਪੰਜਾਬ ਤੇ ਪਲਾਇਨ ਕਰ ਜਾਣਗੇ । ਇਸ ਨਾਲ ਨਾ ਸਿਰਫ ਪੰਜਾਬ ਦੀ ਤਰੱਕੀ ਤੇ ਬ੍ਰੇਕ ਲੱਗੇਗ ਬਲਿਕ ਲੱਖਾ ਲੋਕਾਂ ਦਾ ਰੋਜ਼ਗਾਰ ਵੀ ਖਤਰੇ ਵਿੱਚ ਪੈ ਜਾਵੇਗਾ। *ਮੌਜੂਦਾ ਟਰੇਡ ਸੂਬੇ ਨੂੰ ਧੱਕੇਗਾ ਗੰਭੀਰ ਮਜਦੂਰ ਸੱਕਟ 'ਚ ਜਦੋਂ ਇਸ ਸਬੰਧੀ ਉੱਘੇ ਸਮਾਜ ਸੇਵੀ ਜੱਥੇਦਾਰ ਸੁਰਜੀਤ ਸਿੰਘ ਦੁਭਾਲੀ ਨਾਲ ਗੱਲਬਾਤ ਕੀਤੀ ਤਾ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਦੇ ਖਿਲਾਫ ਤਿਆਰ ਹੋ ਰਿਹਾ ਮਾਹੌਲ ਸੂਬੇ ਨੂੰ ਗੰਭੀਰ ਮਜਦੂਰ ਸੰਕਟ ਦੀ ਤਰਫ ਧੱਕ ਸਕਦਾ ਹੈ। ਇਸ ਦਾ ਖਮਿਆਜ਼ਾ ਪੰਜਾਬ ਨੂੰ ਭੁਗਤਣਾ ਹੋਵੇਗਾ ਅਤੇ ਜਿਥੋਂ ਦਾ ਸਾਰਾ ਤਾਣਾ ਬਾਣਾ ਵਿਗੜ ਜਾਵਗਾ। ਸਮੇਂ ਰਹਿੰਦੇ ਹੀ ਸਰਕਾਰ ਨੂੰ ਇਸ ਦਿਸ਼ਾ ਵਿੱਚ ਠੋਸ ਉਪਾਏ ਕਰਨ ਹੋਣਗੇ। ਨਹੀ ਤੇ ਪੰਜਾਬ ਨੂੰ ਨੁਕਸਾਨ ਦੀ ਭਰਪਾਈ ਕਰਨੀ ਅਸੰਭਵ ਹੋਵੇਗੀ ।

ਅੰਦੋਲਨ ਨੇ ਵਧਾਈ ਚਿੰਤਾ

ਪੰਜਾਬ ਵਿੱਚ ਹਾਲ ਹੀ ਵਿੱਚ ਕੁਝ ਸੰਗਠਨਾ ਦੇ ਵਲੋਂ ਪ੍ਰਵਾਸੀ ਮਜ਼ਦੂਰਾ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ ਹੈ । ਉਦਯੋਗ ਜਗਤ ਅਤੇ ਸਮਾਜਿਕ ਸੰਗਠਨਾ ਨੇ ਇਸੇ ਸਾਜਿਸ ਦੱਸਿਆ। ਉਨਾ ਦਾ ਕਹਿਣਾ ਹੈ ਕਿ ਜੇਕਰ ਪ੍ਰਵਾਸੀ ਮਜਦੂਰ ਪੰਜਾਬ ਛੱਡ ਕੇ ਚਲੇ ਗਏ ਤਾਂ ਨਾ ਸਿਰਫ ਜਿਥੇ ਕਿ ਫੈਕਟਰੀਆ ਬੰਦ ਹੋਵੇਗੀ। ਬਲਿਕ ਪੰਜਾਬ ਦੀ ਪੂਰੀ ਅਰਥਵਿਵਸਥਾ ਵੀ ਡਗਮਗਾ ਜਾਵੇਗੀ।

ਤਕਸ਼ਿਲਾ ਮਹਾਂਬੁੱਧ ਵਿਹਾਰ 'ਚ ਅਸ਼ੋਕਾ ਵਿਜੇ ਦਸਮੀ ਮਨਾਈ ਜਾਵੇਗੀ

ਜਲੰਧਰ, (ਪਰਮਜੀਤ ਜੱਸਲ)-ਅੱਜ ਪੰਜਾਬ ਬੁੱਧਿਸ਼ਟ ਸੁਸਾਇਟੀ (ਰਜਿ) ਪੰਜਾਬ ਦੀ ਮੀਟਿੰਗ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ, ਲੁਧਿਆਣਾ ਵਿਖੇ ਐਡਵੋਕੇਟ ਹਰਭਜਨ ਸਾਂਪਲਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਇਸੇ ਸਥਾਨ 'ਤੇ "ਅਸ਼ੋਕਾ ਵਿਜੈ ਦਸਮੀ " 02 ਅਕਤੂਬਰ 2025 ਨੂੰ ਸਵੇਰੇ 10 ਵਜੇ ਮਨਾਈ ਜਾਵੇਗੀ। ਯਾਦ ਰਹੇ 1956 ਈ: ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਲੱਖਾਂ ਅਨੁਯਾਈਆਂ ਨਾਲ ਬੁੱਧ ਧੰਮ ਦੀ ਦੀਕਸ਼ਾ ਗ੍ਰਹਿਣ ਕਰਕੇ ਨਾਗਪੁਰ ਤੋਂ ਬੁੱਧ ਧੰਮ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਸੀ। 12 ਅਕਤੂਬਰ 2025 ਨੂੰ "ਕਠਿਨ ਚੀਵਰਦਾਨ ' ਪਵਿੱਤਰ ਤਿਉਹਾਰ ਵੀ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ 'ਚ ਮਨਾਇਆ ਜਾਵੇਗਾ । ਜਿਸ ਵਿੱਚ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਤੋਂ ਭਿਖਸ਼ੂ ਅਤੇ ਉਪਾਸਕ ਸ਼ਾਮਿਲ ਹੋਣਗੇ। ਮੀਟਿੰਗ ਵਿੱਚ ਮਾਨਯੋਗ ਭੰਤੇ ਪ੍ਰੀਗਿਆ ਬੋਧੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਤਕਸ਼ਿਲਾ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿੱਚ ਸਿਰਫ ਦੋ ਹੀ ਸੰਸਥਾਵਾਂ ਕੰਮ ਕਰਦੀਆਂ ਹਨ ਪੰਜਾਬ ਬੁੱਧਿਸ਼ਟ ਸੁਸਾਇਟੀ (ਰਜਿ)ਪੰਜਾਬ ਅਤੇ ਭਿਖਸ਼ੂ ਸੰਘ। ਕੋਈ ਵੀ ਵਿਅਕਤੀ ਤਕਸ਼ਿਲਾ ਬੁੱਧ ਵਿਹਾਰ ਦੇ ਨਾਂ 'ਤੇ ਸੰਸਥਾ ਰਜਿਸਟਰਡ ਨਾ ਕਰਵਾਏ । ਇਹਨਾਂ ਤੋਂ ਇਲਾਵਾ ਐਡਵੋਕੇਟ ਹਰਭਜਨ ਸਾਂਪਲਾ, ਮਨੋਜ ਕੁਮਾਰ ਐਸ. ਡੀ. ਓ., ਰਾਮ ਦਾਸ ਗੁਰੂ, ਗੁਰਮੀਤ ਸਿੰਘ, ਦੇਸ ਰਾਜ ਚੌਹਾਨ, ਅਵਤਾਰ ਸਿੰਘ ਮੈਨੇਜਰ ਤਕਸ਼ਿਲਾ ਸਾਹਿਤ ਕੇਂਦਰ, ਹੰਸ ਰਾਜ ਸਮਰਾ, ਸੁਰਿੰਦਰ ਸਿੰਘ, ਕੁਲਵਿੰਦਰ ਬੋਧ,ਪਰਗਣ ਬਿਲਗਾ ਅਤੇ ਬਿਰਾਜ ਚੌਹਾਨ ਆਦਿ ਸ਼ਾਮਿਲ ਸਨ। ਐਡਵੋਕੇਟ ਹਰਭਜਨ ਸਾਂਪਲਾ ਨੇ ਬੋਧੀ ਉਪਾਸਕਾਂ ਨੂੰ ਤਨ, ਮਨ ਅਤੇ ਧੰਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

for more news visit:
www.samajweekly.com

ਨੈਸ਼ਨਲ ਹਾਈਵੇ ਤੇ ਸਤੁੰਨਲ ਵਿਗੜਨ ਨਾਲ ਪਲਟਿਆ ਟੈਂਪੂ

ਟੈਂਪੂ ਪਲਟੀ ਖਾ ਕੇ ਡਿਵਾਈਡਰ ਤੇ ਚੜ੍ਹਿਆ, ਟੈਂਪੂ ਚਾਲਕ ਜਖਮੀ, ਜਾਨੀ ਨੁਕਸਾਨ ਦਾ ਬਚਾਅ

ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ) ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਸਮੇਂ ਪਿੰਡ ਟੌਂਸਾ ਦੇ ਨਜ਼ਦੀਕ ਮੱਝਾਂ ਨਾਲ ਭਰਿਆ ਟੈਂਪੂ ਪਲਟਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਇੱਕ ਟੈਂਪੂ ਜਿਸ ਦਾ ਨੰਬਰ ਪੀ ਬੀ 07 ਸੀ ਡੀ 0641 ਜੋ ਬਲਾਚੌਰ ਸਾਇਡ ਤੋਂ ਰੋਪੜ੍ਹ ਨੂੰ ਜਾ ਰਿਹਾ ਹੈ ਜਿਸ ਨੂੰ ਬਸੀਮ ਪੁੱਤਰ ਨਸੀਰ ਵਾਸੀ ਬਨੂੜ ਚਲਾ ਰਿਹਾ ਸੀ ।ਇਸ ਟੈਂਪੂ ਵਿਚ ਮੱਝਾਂ ਅਤੇ ਕੱਟਿਆਂ ਲੋਡ ਸਨ ।ਜਦੋਂ ਇਹ ਟੈਂਪੂ ਸਨ ਫਾਰਮਾ ਫੈਕਟਰੀ ਦੇ ਸਾਹਮਣੇ ਪਹੁੰਚੀਆਂ ਤਾਂ ਟੈਂਪੂ ਵਿਚ ਲੋਡ ਮੱਝਾਂ ਵਲੋਂ ਝੋਲ ਮਾਰ ਦਿੱਤੀ ਜਿਸ ਕਾਰਨ ਟੈਂਪੂ ਦਾ ਸਤੁੰਨਲ ਵਿਗੜ ਅਤੇ ਟੈਂਪੂ ਪਲਟ ਕੇ ਡਿਵਾਈਡਰ ਤੇ ਜਾ ਚੜਿਆ ਜਿਸ ਨਾਲ ਟੈਂਪੂ ਨੁਕਸਾਨੀਆਂ ਗਿਆ ਅਤੇ ਟੈਂਪੂ ਵਿਚ ਲੋਡ ਪਸ਼ੂਆ ਦਾ ਬਚਾਅ ਹੋ ਗਿਆ ਅਤੇ ਟੈਂਪੂ ਚਾਲਕ ਫੱਟੜ ਹੋ ਗਿਆ ਜਾਨੀ ਨੁਕਸਾਨ ਦਾ ਬਚਾਅ ਹੋ ।ਨੈਸ਼ਨਲ ਹਾਈਵੇ ਅਥਾਰਟੀ ਦੇ ਮੁਲਾਜ਼ਮਾਂ ਵਲੋਂ ਇਸ ਟੈਂਪੂ ਨੂੰ ਡਿਵਾਈਡਰ ਤੋਂ ਸਾਈਡ ਤੇ ਕਰਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ ।

ਮਿੰਨੀ ਕਹਾਣੀ/ਭੁੱਖ

ਉਸ ਪਿੰਡ ਵਿੱਚ ਕੁਦਰਤੀ ਆਫ਼ਤ 'ਚ ਫਸੇ ਲੋਕ ਰੋਟੀ ਖੁਣੋਂ ਵੀ ਤਰਸ ਰਹੇ ਸਨ। ਘਰ ਵਾਰ ਤਬਾਹ ਹੋ ਗਏ ਸਨ। ਸੇਵਾ ਨਿਭਾਉਣ ਵਾਲੀ ਇੱਕ ਟੀਮ ਜਦੋਂ ਉਸ ਪਿੰਡ ਪਹੁੰਚੀ ਤਾਂ ਟੀਮ ਦਾ ਇੱਕ ਮੈਂਬਰ ਕਹਿਣ ਲੱਗਾ,'ਏਸ ਪਿੰਡ ਬੌਤੇ ਜਣੇ ਡੇਰੇ ਵਾਲੇ ਨੇ!'

ਟੀਮ ਦਾ ਮੋਹਰੀ ਬੋਲਿਆ,'ਜਿਹੜੇ ਮਰਜ਼ੀ ਹੋਣ ਆਪਣੇ ਲਈ ਸਾਰੇ ਕੁਦਰਤ ਦਾ ਨੂਰ ਨੇ' ਬਹੁਤਿਆਂ ਨੇ ਉਸਦੇ ਸ਼ਬਦਾਂ ਦੀ ਪ੍ਰੋੜਤਾ ਕੀਤੀ।

ਜਦੋਂ ਉਹ ਰੋਟੀ ਤੇ ਨਿੱਕ ਸੁੱਕ ਵੰਡਣ ਲੱਗੇ ਤਾਂ ਪਿੰਡ ਦਾ ਇੱਕ ਜਣਾ ਕਹਿਣ ਲੱਗਾ,'ਮੈਂ ਨੀਂ ਏਨਾ ਦਾ ਦਿੱਤਾ ਹੋਇਆ ਲੈਂਦਾ।' ਦੂਸਰੇ ਉਸਦੇ ਮੂੰਹ ਵੱਲ ਤੱਕਣ ਲੱਗੇ। ਪਰ ਫੇਰ ਉਨ੍ਹਾਂ 'ਚੋਂ ਹੀ ਦੋ ਆਦਮੀ ਇੱਕਦਮ ਇਕੱਠਿਆਂ ਹੀ ਬੋਲ ਉਠੇ,'ਲੈ ਲਵੋ ਭਾਈ! ਭੁੱਖ ਦੀ ਕੋਈ ਜਾਤ ਤੇ ਧਰਮ ਨੀਂ ਹੁੰਦਾ!

ਸੁਖਮਿੰਦਰ ਸੇਖੋਂ

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005
(2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਏ ਜਾਂ ਹੋਏ ਰੋਗ ਦੀ ਸ਼ੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੰਝ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੀਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਜ, ਅੱਗਾ ਦਿੱਚ ਪਾਣੀ ਭਰਨਾ, ਚੁੱਕ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁੱਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਚੁਗਲੀਆਂ ਅਤੇ ਸ਼ਾਦੀਆਂ, ਦੰਦਾਂ ਦਾ ਦਰਦ, ਮਸੂੜਿਆਂ ਵਿੱਚੋਂ ਖੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖੂਨ ਦੀ ਬੀਮਾਰੀਆਂ, ਮਲਾਜ਼ੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖੂਨ ਆਉਣਾ, ਰੁਕਵੇ ਵਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਖਬਤਹਵਾਸ (Anaemia), ਛਾਤ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਤਾ ਅਤੇ ਖੋਹਿਲੀ (Depression).

{ ਖੁਜਲੀ Eczema ਜਾਂ ਸੋਰਾਈਸਿਜ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਜੰਗਣ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਣ, ਉਦਾਸੀ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1)	ਮਰਦਾਨਾ ਤਾਕਤ ਦਾ ਫੈਲਾਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
2)	ਰੁਕਾਵਟ ਦਾ ਖੁਲਿਹੜੀ ਨੁਸਖਾ- -------- 1 ਮਹੀਨੇ ਦੀ ਕੀਮਤ	£35
3)	ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ	£40
4)	ਲੰਮੇ ਸਮੇਂ ਤੋਂ ਹੋਏ ਗਲਤ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ	£35
5)	ਗਲਤਫਹਮੀਆਂ ਕਾਰਨ ਜਿੰਗ ਕਮਜ਼ੋਰ, ਠੰਢਾ, ਟੇਢਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ	£35
6)	ਨਲਿਆਂ ਕਾਰਨ ਸਰੀਰਕ ਕੰਜ਼ਰੋਰ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ	£30
7)	ਸ਼ੁਗਰਲੇਵ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ	£25
8)	ਸਰੀਰਕ ਅਤੇ ਮਿੰਜ ਦੀਆਂ ਨਸਾਂ ਦੀ ਕਮਜ਼ੋਰੀ ਲਈ ਰੋਜ਼- -------- 1 ਮਹੀਨੇ ਦੀ ਕੀਮਤ	£25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਜਦੋਂ ਵੀਰਜ ਵਿਚਲੇ ਸਪਰਮ ਕਮਜ਼ੋਰ, ਬਰਕਤੀਲੇ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਲਿੰਗ ਉਤੇ ਸਖਤ ਜ਼ਖਮ, SPERMATIC ਰੋਗੀ ਦੀਆਂ ਜਫਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਕਠਨਾਹ ਵਰਗੇ ਕਈ ਗੁਪਤ ਬੀਮਾਰੀਆਂ ਦਾ ਇਲਾਜ ਵੀ ਅਸੀਂ ਤਜਰਬੇਕਾਰ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ਼ ਨਾਲ ਆਉਣਾ ਜਾਂ ਬਹੁ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਰਦਰ (ਚਰਦੇ ਪਾਣੀ), ਛਾਤੀਆਂ ਦਾ ਸੁੱਕਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਗੱਠੜੀ, ਦੁੱਧ ਬੰਦ, ਬੱਚੇਦਾਨੀ (Uterus) ਵਿਚੋਂ ਵਾਧੂ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿੱਚ ਗਲੀਲੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿੱਚ ਡਾਲੇ (Ovarian Cysts), ਯੋਨੀ ਦੀ ਇਕਸਮਰ ਸੁੰਕੜੁਤਾ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾਂ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫੁਟਕੇ ਅਤੇ ਫਟਵਰ, ਲਿੰਗ ਭੋਗ ਸਮੇਂ ਸੁਖਾਵ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.), (A.P.) AND (NUTRI.)

ਔਰਤਾਂ ਲਈ ਖੁਸ਼ਕਬੂ ਭੋਜਣ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਵਰ ਪੰਫਿਲਟ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਕਬੂ ਸਫ਼ਾਇਆ ਕਰਦੀ ਹੈ – ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਖਿੱਚੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ – **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਚੁਸਤੀ ਅਤੇ ਫੁਰਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ – **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਸਮਾਨ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ ਚ ਵਾਧਾ ਕਰਕੇ ਖੁਸ਼ਕਬੂ ਅਤੇ ਤੰਦਰੁਸਤੀ ਮਹਿਸੂ ਦਿੰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨ ਹੱਡੀਆਂ ਦੀਨੀ ਬਰਕਲੀਫ਼ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਕਣ ਵਾਲਾ ਮੋਟਾ ਦੀਆਂ ਦਵਾਈ ਨੂੰ ਸਫਲ ਕਰਦੀ ਹੈ -**£59**

ਨੁਸਖਾ ਨੰਬਰ 9 (IN CAPSULES) ਬੱਚਾ ਰਹੀ ਉਮਰ ਵਿਚ ਘਟ ਰਹੀ ਹਾਰਮੋਨਜ਼ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਰਾਵਾ ਨੂੰ ਦੂਰ ਕਰਕੇ ਖੁਸ਼ਕਬੂ ਅਤੇ ਸ਼ਾਨਦਾਰ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਲਤਫਹਮੀਆਂ, ਮੁਫ਼ਤ ਦੀ ਛਮਕੀ (ANXIETY) ਵਿਚ ਤਸੱਲੀ ਨਾਲ ਸੌਣਾਂਦੇ ਬੰਦਾ ਦੀ ਪੂਰਤੀ ਕਰਕੇ ਚਮਕੀਲੀ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਕਬੂ ਭੋਜਣ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਉਹਨਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਸ਼ੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਸ਼ੀ ਨੂੰ ਚੌਗਣਾ (ਅਤੇ ਪੈਸਾ) ਜਿਕਤਣੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਬਹਾਦਰੀ ਉਮਰ ਵਿਚ ਮਰਦਾਂ ਨੂੰ ਆਉਣ ਵਾਲੀਆਂ ਪ੍ਰੇਸ਼ਾਨੀਆਂ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਅੱਖਾਂ ਦੀ ਬੀਮਾਰੀਆਂ, ਜਿਵੇਂ :

ਭੈਂਗ, ਤਿਮਟੀਰੀਆ, ਅਨੀਦਾ, ਚੋਣਾ, ਕੰਨ ਦੀਆਂ ਬੀਮਾਰੀਆਂ, ਨਜ਼ਲਾ-ਜ਼ੁਕਾਮ, ਨਕਸੀਰ, ਕੰਨ ਪੱਕੇ, ਤੁਤਲਾਹਿਟ, (Stammering), ਟੌਂਸਿਲ, (Tonsilits), ਕਬਜ਼ੀ, ਦਸਤ, ਬਦਹਜ਼ਮੀ, ਪੇਟਦਿਆ ਕੀੜੇ (Worms), ਸੁੱਤਿਆਂ ਪਿਸ਼ਾਬ ਨਿਕਲਣਾ (Enuresis), ਸਾਹ (Wheezing Problem), ਖਾਂਸੀ ਅਤੇ ਕਾਲੀ-ਖਾਂਸੀ, ਖੁਸ਼ਕੀ ਚੰਬਲ, ਖਾਰ (Eczema), ਚਮੜੀ ਰੋਗ ਦੇ ਪ੍ਰੇਸ਼ਾਨ, ਸੋਰਾਈਸਿਸ (Psoriasis), ਅਨੀਮਕੀ, ਬਰਤਹੀਣਤਾ (Anaemia), ਸਰੀਰ ਦਾ ਕੱਦ, ਪਿਛੜੇ ਬੱਚੇ (Backward Children), ਬੱਚਿਆਂ ਦੀਆਂ ਹੱਡੀਆਂ ਦਾ ਵਿੰਗਾ ਟੇਢਾ ਹੋਣਾ (Rickets), ਮਿਰਗੀ (Epilepsy) ਵਗੈਰਾ !

ਬਾਹਰੀ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿਤੇ ਜਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਸਾਰੂ ਵਾਰ ਕੰਮ ਕਰਦੇ ਹਨ)

PILAES (IN OINTMENT)	ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤਾ ਖੁਲਾ ਵਿਚ ਖੁਜਲੀ ਅਤੇ ਜਲਨ ਤੋਂ ਆਰਾਮ	£19
NURALACO (IN OINTMENT OR LOTION)	--- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ -----	£19
CHILLAGA (IN OINTMENT OR LOTION)	---ਠੰਢ ਕਾਰਣ ਹੋਏ ਹੋਰ ਚੀਜ਼ਾਂ ਉਤਪਨ ਚ ਦਰਦ ਤੇ ਸਿਰ ਤੋਂ ਆਰਾਮ	£19
ARNSTRA (IN OINTMENT)	------- ਚਰਬੀ, ਸੋਜ (SPRAINS) ਚੋਟਾਂ ਸੱਟ ਨਾਲ ਹੋਏ ਜਖਮਾਂ ਜਾ (BED SORES) ਨੂੰ ਆਰਾਮ	£19
BELINFLA (IN OIL OR OINTMENT)	---ਨਸਾਂ, ਪੱਠਿਆਂ ਅਤੇ ਜੋੜਾਂ ਵਿਚ ਸਿਰ, ਲਾਲੀ ਤੇ ਖਿਚ ਦਰਦ ਨੂੰ ਆਰਾਮ	£19
BELULCE (IN OIL)	---- ਮੰਦ ਸੰਭਾਲ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ----------	£19
BRYJOIN (IN OIL)	-ਸੱਟਾ ਦਾ ਦਰਦਾ, ਫਾਲ ਬੈਕ ਨਾਲ ਗਲਤਫਹਮ ਵਿਚ ਅਤੇ ਮੋਢਾਂ ਚ ਅਕੜਾਹਟ ਨੂੰ ਆਰਾਮ -	£19
CALWOUN (IN OIL OR OINTMENT)	--- ਮੰਦ ਕਾਰਣ ਜਖਮਾਂ ਦੀ ਪੀਕ ਜਾ ਸਹਤ ਜਾਣ ਤੇ ਸਮਤ ਦਰਦਾ ਤੋਂ ਆਰਾਮ-	£19
BURCAN (IN LOTION OR OINTMENT)	--ਕਿਸੇ ਵੀ ਤਰ੍ਹਾਂ ਮਸਟ ਦੇ ਦਰਦਾ ਅਤੇ ਛਾਲਿਆਂ ਤੋਂ ਮੁਕੰਮਲ ਆਰਾਮ ---	£19
ROUTUM (IN OINTMENT)	-- ਸਰੀਰ ਦੇ ਕਿਸੇ ਵੀ ਹਿੱਸੇ ਵਿਚ ਕਿਸਟੀਆਂ ਦੀ ਸਿਰ ਅਤੇ ਦਰਦ ਤੋਂ ਆਰਾਮ ----	£19
JOINRHU (IN OIL)	-- ਜੋੜਾਂ ਦੇ ਦਰਦ, ਸਿਰ ਸੋਜ ਦਰਦਾ, ਚੰਬ ਪੈਣ ਅਤੇ ਕੋਲੇਜਨ ਪੱਠਿਆਂ ਦੀ ਸਿਰ ਤੋਂ ਆਰਾਮ-	£19
ASSSIL (IN LOTION)	-- ਕਿਸਟੀਆਂ ਦਾ ਛੋਟੇ ਪੱਕ ਤੇ ਜਖਮ ਬਣ ਜਾਣ ਦੀ ਹਾਲਤ ਵਿਚ ਮੁਕੰਮਲ ਆਰਾਮ ----	£19
ITCSUL (IN OIL)	---- ਸਰੀਰ ਉਤੇ ਕਿਸੇ ਵੀ ਤਰ੍ਹਾਂ ਦੀ ਖਾਰਸ਼ ਤੋਂ ਆਰਾਮ ----------	£19
WARTHU (IN OIL)	-ਹਰ ਤਰ੍ਹਾਂ ਦੇ ਖੁਸ਼ਕ, ਤਰ, ਸਮਤਲ ਜਾ ਗੋਲੀ ਦੇ ਫੁਲ ਵਰਗੇ ਮਸਤੇ (WARTS) ਤੋਂ ਆਰਾਮ ---	£19

* HOMOEOPATHIC HEALTH CLINIC ਦੇ ਨਾ ਦੱਸੇ ਹੋਰ ਹੋਸਪਾਲ ਆਰਥਰਾਇਟਸ ਦਾ ਫੀਸ ਲਾਹੀ ਜਾਂਦੀ ਹੈ ।
(ਹਰ ਆਰਥਰਾਇਟਸ ਲਾਭ £10 ਹਿੰਦਿਕਤ ਤੇ ਹੋਸਪਾਲ ਲਈ)

ਹਰ ਤਰ੍ਹਾਂ ਦੇ ਲਿਸ਼ਕਾਂ ਅਤੇ ਉਹਨਾ ਨਾਲ ਸਰੀਰ ਚ ਪਏ ਨੁਕਸਾ ਤੋਂ ਮੁਕੰਮਲ ਛੁਟਕਾਰਾ ਹੋਣ ਸਮਾਨਯਾਰੀ ਲਈ ਫੋਨ ਕਰੋ
ALL INFORMATION IS KEPT STRICTLY CONFIDENTIAL

PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਨਾਭਾ ਵਿੱਚ ਕਿਸਾਨ ਯੂਨੀਅਨ ਤੇ ਡੀਐਸਪੀ ਮਨਦੀਪ ਕੌਰ ਆਹਮੋ ਸਾਹਮਣੇ ਧੱਕਾ ਮੁੱਕੀ ਹੋਈ

ਬਲਬੀਰ ਸਿੰਘ ਬੱਬੀ

ਪਟਿਆਲਾ ਜਿਲ੍ਹੇ ਦੇ ਨਾਭਾ ਦੇ ਵਿੱਚ ਅੱਜ ਜੋ ਕੁਝ ਹੋਇਆ ਉਹ ਸਭ ਕੁਝ ਸਭ ਨੇ ਚੰਗੀ ਤਰ੍ਹਾਂ ਸੋਸ਼ਲ ਮੀਡੀਆ ਉੱਪਰ ਦੇਖ ਲਿਆ ਹੈ ਉਥੋਂ ਦੇ ਡੀਐਸਪੀ ਮੈਡਮ ਮਨਦੀਪ ਕੌਰ ਤੇ ਕਿਸਾਨ ਯੂਨੀਅਨ ਆਹਮੋ ਸਾਹਮਣੇ ਹੋ ਗਏ ਜਿਸ ਤਹਿਤ ਦੋ ਪਾਸਿਆਂ ਤੋਂ ਰੱਜ ਕੇ ਧੱਕਾ ਮੁੱਕੀ ਹੋਈ। ਇਹ ਸਭ ਕੁਝ ਉਸ ਵੇਲੇ ਹੋਇਆ ਜਦੋਂ ਸ਼ੰਭੂ ਮੋਰਚਾ ਪੰਜਾਬ ਸਰਕਾਰ ਦੇ ਹੁਕਮਾਂ ਉੱਤੇ ਪੰਜਾਬ ਪੁਲਿਸ ਨੇ ਖਦੇੜਿਆ ਤਾਂ ਉਥੋਂ ਕਿਸਾਨਾਂ ਦਾ ਸਮਾਨ ਚੋਰੀ ਹੋਇਆ ਤੇ ਟਰਾਲੀਆਂ ਵੀ ਚੋਰੀ ਹੋਈਆਂ ਉਸ ਤੋਂ ਬਾਅਦ ਪਟਿਆਲਾ ਦੇ ਅਨੇਕਾਂ ਇਲਾਕਿਆਂ ਦੇ ਵਿੱਚ ਕਿਸਾਨਾਂ ਨੇ ਖੁਦ ਆਪਣੀਆਂ ਟਰਾਲੀਆਂ ਤੇ ਹੋਰ ਸਮਾਨ ਪਛਾਣ ਕੇ ਲੱਭਿਆ ਤੇ ਇਸੇ ਦਰਮਿਆਨ ਹੀ ਨਾਭਾ ਦੇ ਇੱਕ ਕਵਾੜੀਏ ਦੇ ਕੋਲੋਂ ਵੀ ਕਿਸਾਨਾਂ ਦਾ ਸਮਾਨ ਬਰਾਮਦ ਹੋਇਆ ਕਿਸਾਨਾਂ ਨੇ ਇਸ ਸਬੰਧੀ ਕਾਰਵਾਈ ਸ਼ੁਰੂ ਕੀਤੀ ਤੇ ਪੁਲਿਸ ਨੇ ਕਿਸਾਨਾਂ ਵੱਲੋਂ ਇੱਕ ਦਰਖਾਸਤ ਲੈ ਕੇ ਸ਼ਿਕਾਇਤ ਦਰਜ ਕਰਾਈ ਉਸ ਉੱਤੇ ਕਾਰਵਾਈ ਹੋਈ ਇਹ ਸਾਰੀ ਕਾਰਵਾਈ ਪੁਲਿਸ ਵੱਲੋਂ ਕੀਤੀ ਜਾ ਰਹੀ ਸੀ ਕਿ ਅੱਜ ਦੋਸ਼ੀ ਦੀ ਤੁਰੰਤ ਹੀ ਗ੍ਰਿਫਤਾਰੀ ਨੂੰ ਲੈ ਕੇ ਕਿਸਾਨ ਯੂਨੀਅਨ ਨਾਭਾ ਵਿੱਚ ਧਰਨਾ ਪ੍ਰਦਰਸ਼ਨ ਕਰ ਦਿੱਤਾ।

ਇਸ ਦਰਮਿਆਨ ਮੈਡਮ ਮਨਦੀਪ ਕੌਰ ਨੇ ਪਟਿਆਲਾ ਜੇਲ ਦੇ ਵਿੱਚ ਕਿਸੇ ਮਾਮਲੇ ਸੰਬੰਧ ਵਿੱਚ ਜਾਣਾ ਚਾਹਿਆ ਤਾਂ ਅੱਗੋਂ ਵੱਡੀ ਗਿਣਤੀ ਵਿੱਚ ਘਰਾਓ ਕਰ ਰਹੇ ਕਿਸਾਨਾਂ ਨੇ ਡੀਐਸਪੀ ਮੈਡਮ ਨੂੰ ਬਾਹਰ ਨਹੀਂ ਨਿਕਲਣ ਦਿੱਤਾ ਡੀਐਸਪੀ ਮੈਡਮ ਨੇ ਉਹਨਾਂ ਨੂੰ ਕਿਹਾ ਕਿ ਸਾਰਾ ਨਾਭਾ ਤੁਸੀਂ ਸੀਲ ਕਰ ਦਿੱਤਾ ਗਿਆ ਹੈ। ਇਸ ਲਈ ਇਹ ਰਾਸਤਾ ਨਾ ਰੋਕੋ ਲੋਕਾਂ ਦੀ ਵੀ ਆਵਾਜਾਈ ਹੈ ਤੇ ਮੈਂ ਵੀ ਆਪਣੀ ਸਰਕਾਰੀ ਡਿਊਟੀ ਤੇ ਜਾ ਰਹੇ ਹਾਂ ਜਾ ਰਹੀ ਹਾਂ ਇਸ ਤੋਂ ਹੀ ਕੰਮ ਵਿਗੜ ਗਿਆ ਇਸ ਦਰਮਿਆਨ ਇੱਕ ਇੰਸਪੈਕਟਰ ਜੋ ਵੀਡੀਓ ਵਿੱਚ ਸਾਹਮਣੇ ਆ ਰਿਹਾ ਹੈ ਉਹ ਗੱਲਬਾਤ ਕਰਨ ਲਈ ਅੱਗੇ ਵੱਧਦਾ ਹੈ ਤੇ ਕਿਸਾਨਾਂ ਨੇ ਉਸ ਨੂੰ ਢਾਹ ਲਿਆ ਤੇ ਗੱਲ ਹੱਥੋਪਾਈ ਤੱਕ ਪੁੱਜ ਗਈ ਫਿਰ ਪੁਲਿਸ ਵਾਲਿਆਂ ਨੇ ਵੀ ਕਿਸਾਨਾਂ ਦੇ ਉੱਪਰ ਕਾਰਵਾਈ ਕਰਨੀ ਹੀ ਸੀ ਤੇ ਇਸ ਸਾਰੇ ਮਾਮਲੇ ਦੇ ਵਿੱਚ ਜੋ ਵੀਡੀਓਜ਼ ਹਨ ਉਹ ਸਭ ਕੁਝ ਆਪ ਹੀ ਖੁਦ ਬਿਆਨ ਕਰ ਰਹੀਆਂ ਹਨ। ਇਸ ਤਰ੍ਹਾਂ ਬਿਲਕੁਲ ਆਮੋ ਸਾਹਮਣੇ ਹੋ ਕੇ ਡੀਐਸਪੀ ਮੈਡਮ ਤੇ ਕਿਸਾਨ ਇੱਕ ਦੂਜੇ ਦੇ ਨਾਲ ਧੱਕਾ ਮੁੱਕੀ ਹੋ ਰਿਹਾ ਹੈ ਉਸ ਤੋਂ ਬਾਅਦ ਕਿਸਾਨ ਕਿਸਾਨਾਂ ਨੇ ਦੋਸ਼ ਲੈ ਕੇ ਪੁਲਿਸ ਨੇ ਸਾਡੀ ਕੁੱਟਮਾਰ ਕੀਤੀ ਤੇ ਉਧਰ ਇੱਕ ਦਮ ਹੀ ਅਜਿਹੇ ਮਾਹੌਲ ਵਿੱਚ ਡੀਐਸਪੀ ਮੈਡਮ ਖੁਦ ਘਿਰ ਗਏ ਉਹ ਕਿਸਾਨਾਂ ਦੇ ਨਾਲ ਗੱਲਬਾਤ ਕਰਦੇ ਵੀ ਨਜ਼ਰ ਆਏ ਪਰ ਤੂੰ ਤੂੰ ਮੈਂ ਮੈਂ ਇਹਦੇ ਵਿੱਚ ਕੰਮ ਕਾਫੀ ਵਿਗੜ ਗਿਆ ਇਸ ਤਰ੍ਹਾਂ ਹਿੰਸਕ ਕਾਰਵਾਈਆਂ ਕਾਰਵਾਈ ਸਾਹਮਣੇ ਆਈ ਹੈ ਜੋ ਕਿ ਦੋਵਾਂ ਧਿਰਾਂ ਨੂੰ ਵੀ ਸ਼ੋਭਾ ਨਹੀਂ ਦਿੰਦਾ ਜੇਕਰ ਡੀਐਸਪੀ ਮੈਡਮ ਦੀ ਕੋਈ ਗਲਤੀ ਹੈ ਤਾਂ ਵੀ ਬੈਠ ਕੇ ਹੀ ਹੋਣਾ ਚਾਹੀਦਾ ਸੀ ਕਿਸਾਨਾਂ ਨੇ ਘਰਾਓ ਕੀਤਾ ਤਾਂ ਵੀ ਗੱਲ ਬੈਠ ਕੇ ਹੀ ਨਿਬੜਨੀ ਸੀ ਇਸ ਤਰ੍ਹਾਂ ਜੋ ਕੁਝ ਸਾਹਮਣੇ ਆਇਆ ਹੈ ਉਸ ਦੇ ਨਾਲ ਕੁੜੱਤਣ ਵਧੇਗੀ ਹੀ।

ਪੁਸਤਕ- ਮੁਰਗਾਬੀਆਂ - 2 (ਡਬਲ ਧਮਾਕਾ)

ਲੇਖਕ : ਜਸਵਿੰਦਰ ਪੰਜਾਬੀ

ਸਮਾਂ, ਸ਼ੀਸ਼ਾ, ਸਮਾਜ ਤੇ ਸਾਹਿਤ ਕਲਾ ਦੀ ਤਸਵੀਰ ਮਨੁੱਖ ਅੰਦਰ ਸੁੱਤੀ ਚੇਤਨਾ ਜਗਾਉਣ ਦੀ ਕਲਾ ਹੈ, ਜਸਵਿੰਦਰ ਪੰਜਾਬੀ ਅੰਦਰ। ਜੇ 'ਰੱਬ' ਨੂੰ ਵੇਖਣਾ ਤਾਂ ਨਾਵਲ ਵਿਚਲੇ ਕੁਝ ਕੁ ਸਮੇਂ ਦੀ ਪਾਤਰਤਾ ਨੂੰ ਘੋਖਣਾ ਪਵੇਗਾ। ਇਤਹਾਸ, ਮਿੱਥਹਾਸ ਜਾਂ ਕਲਪਨਾ ਦੀ ਨਹੀਂ, ਬਲਕਿ ਸਮਾਜਿਕ ਯਥਾਰਥੀ ਗੋਂਦ ਦੀ ਬੁਣਤੀ ਹੈ। ਇੱਕ ਸੁਚੱਜੇ ਘੁਮਿਆਰ ਦੀ ਘਾੜਤ ਵਾਂਗ,ਜੋ ਟਕਸਾਲੀ ਮਿੱਟੀ ਦੀ ਪਹਿਚਾਣ ਜਾਣਦਾ ਏ।ਨਾਵਲ ਵਿਚਲੀ ਕਹਾਣੀ ਪੇਂਡੂ ਸ਼ਹਿਰੀ ਜੀਵਨ ਸਾਰ ਨੂੰ ਮੋਹ ਪਿਆਰ ਰਿਸ਼ਤਿਆਂ ਦੀਆਂ ਤੰਦਾਂ ਨੂੰ ਟੁੱਟਣ ਨਹੀਂ, ਬਲਕਿ ਜੋੜਨ ਲਈ ਏ।

ਆਰਥਿਕਤਾ ਦੀ ਗਵਾਹੀ ਨੂੰ ਸਾਰਥਿਕਤਾ ਭਾਵ, ਕਾਮਰੇਡੀ ਫ਼ਲਸਫ਼ੇ ਨੂੰ ਸ਼ੀਸ਼ਾ ਵਿਖਾਉਣ ਲਈ ਗਹਿਰੀ ਸ਼ਬਦਾਵਲੀ ਸੋਚ ਨਾਲ ਨਿਭਾਇਆ ਏ। ਸਮੁੱਚੇ ਦੇਸ਼ਕਾਲ 'ਚ ਸਿਰਜੇ ਹਰ ਪਾਤਰ ਦੀ ਹੋਂਦ ਹੀ ਇੱਕ ਨਾਇਕ ਵਰਗੀ ਹੈ। ਕਥਾਰਸਿਸ ਵਿੱਚ ਵੀ ਬਦਲਦੇ ਸਮੇਂ ਦੀ ਨੁਹਾਰ 'ਚੋ ਰੰਗੀਨ ਮਿਜਾਜ਼ੀ ਦੀ ਅਸਲੀਅਤ ਨੂੰ ਚਿਤਰਿਆ ਹੈ ਪਾਤਰ ਮਹਿੰਦਰ ਤੇ ਚੰਨੀ ਚਰਨਜੀਤ ਦੇ ਰੂਪ ਵਿਚ। ਇੱਥੋਂ ਤੱਕ ਗੁਰਮੁੱਖ ਤੇ ਗੁਰਦੀਪ ਦੇ ਪ੍ਰਤੀਕ ਪਾਤਰ ਵੀ ਮੰਡੀਕਰਣ ਬਜਾਰ ਦੀ ਬਣਤਰ ਨੂੰ ਦਰਸਾ ਜਾਂਦੇ ਨੇ।

ਇਸ ਤੋਂ ਪਹਿਲੇ ਭਾਗ ਦੇ ਨਾਵਲ ਮੁਰਗਾਬੀਆਂ ਤੇ ਇਸ ਦੂਜੇ ਭਾਗ ਦੀ ਲੜੀਬੱਧਤਾ ਨੂੰ



ਤੁਲਨਾਤਮਕ ਦ੍ਰਿਸ਼ਟੀ ਤੋਂ ਵੇਖੀਏ, ਤਾਂ ਮੱਧਵਰਗੀ ਸੋਚ ਨੂੰ ਆਧੁਨਿਕ ਅਜੋਕੇ ਯੁੱਗ ਦੀ ਵਿਕਾਸ ਯਾਤਰਾ ਨਾਲ ਜੋੜਿਆ। ਰਮਨ ਨਾਇਕਾ ਨੂੰ ਇੱਕ ਤਰ੍ਹਾਂ ਪੁਨਰ-ਜਨਮ ਹੀ ਦੇ ਦਿੱਤਾ। ਓਸਦੀ ਕਹਾਣੀ ਕਿੱਥੋਂ ਸ਼ੁਰੂ ਹੋਈ, ਕਿੱਥੇ ਮੱਧ ਆਇਆ ਤੇ ਕਿੱਥੋਂ ਓਹ ਨਵਿਆਂ ਰਾਹਾਂ 'ਤੇ ਤੁਰਨ ਨਹੀਂ, ਬਲਕਿ ਦੌੜਨ ਲੱਗੀ। ਪਹਿਲੇ ਭਾਗ ਵਿੱਚ ਹੋ ਸਕਦਾ ਕਿ ਕੁਝ ਪਾਠਕਾਂ ਨੂੰ ਕਿਸੇ ਰੂਪ ਵਿੱਚ, ਰਮਨ ਦਾ ਪਾਤਰ ਚੰਗਾ ਨਾ ਲੱਗਿਆ ਹੋਵੇ ! ਦ੍ਰਿਸ਼ਟੀਕੋਣ ਆਪੋ ਆਪਣਾ ਹੈ। ਪਰ ਇਸ ਦੂਸਰੇ ਭਾਗ ਵਿੱਚ ਜਸਵਿੰਦਰ ਪੰਜਾਬੀ ਨੇ ਰਮਨ ਨੂੰ ਇੱਕ ਨਿਵੇਕਲੇ ਰੂਪ 'ਚ ਪਾਠਕਾਂ ਦੇ ਸਨਮੁੱਖ ਕੀਤਾ ਹੈ। ਮੁਰਗਾਬੀਆਂ ਦੇ ਪਹਿਲੇ ਭਾਗ ਵਾਂਗ ਹੀ ਇਸ ਦੂਸਰੇ ਭਾਗ ਵਿੱਚ ਵੀ, ਕਹਿ ਸਕਦੇ ਹਾਂ ਕਿ ਲੇਖਕ ਨੇ ਪਰੰਪਰਾਗਤ ਨਾਵਲ - ਕਲਾ ਦੀ ਪਿਰਤ ਨੂੰ ਤੋੜਿਆ ਏ। ਮੇਰੇ ਵੱਲੋਂ ਸਾਰੀਆਂ ਦੀਆਂ ਸਾਰੀਆਂ ਸ਼ੁੱਭਕਾਮਨਾਵਾਂ ਜਸਵਿੰਦਰ ਪੰਜਾਬੀ ਨੂੰ। ਵਧਾਈਆਂ ਏਸ ਪੱਖੋਂ ਵੀ ਕਿ ਓਸਦੇ ਪਲੇਠੇ ਨਾਵਲ ਉੱਤੇ ' ਵੈੱਬ ਸੀਰੀਜ ' ਮੁਰਗਾਬੀਆਂ' ਦਾ ਨਿਰਮਾਣ ਹੋਇਆ, ਜਿਸ ਨੂੰ ਦਰਸ਼ਕ ਵਰਗ ਨੇ ਭਰਵਾਂ ਹੁੰਗਾਰਾ ਦਿੱਤਾ।

ਹਰੀਸ਼ ਗਰੋਵਰ (ਡਾ.)

ਮੇਰੇ ਪਿਆਰੇ ਪੁਰਾਣੇ ਸਾਥੀ ਨੂੰ ਜਨਮਦਿਨ ਮੁਬਾਰਕ

ਸਾਲ 1993 ਦੀ ਮਈ ਵਿੱਚ ਮੈਂ ਬੀਐਡ ਪੂਰੀ ਕਰ ਲਈ। ਹੁਣ ਪਤਾ ਨਹੀਂ ਸੀ ਲੱਗਦਾ ਵੀ ਕੀ ਕਰਨਾ ਹੈ? ਮੈਂ ਕਿਸੇ ਨੌਕਰੀ ਦੀ ਤਲਾਸ਼ ਵਿੱਚ ਸੀ। ਕਰਦੇ ਕਰਾਉਂਦੇ ਮੈਨੂੰ ਪਤਾ ਲੱਗਿਆ ਕਿ ਹਾਈ ਸਕੂਲ ਢਢੋਗਲ ਖੇੜੀ (ਸੰਗਰੂਰ) ਵਿੱਚ ਮਾਸਟਰਾਂ ਦੀ ਲੋੜ ਹੈ। ਮੇਰਾ ਜੀ ਕਰਦਾ ਸੀ ਕਿ ਮੈਂ ਜਲਦੀ ਜਲਦੀ ਮਾਸਟਰ ਲੱਗ ਜਾਵਾਂ। ਸਕੂਲ ਵਿੱਚ ਪਤਾ ਕੀਤਾ ਕਹਿੰਦੇ 'ਹਾਂ 'ਅਸੀਂ ਟੀਚਰ ਰੱਖਣੇ ਹਨ।

ਕਈ ਦਿਨ ਤੇ ਮਹੀਨਾ ਲੰਘ ਗਿਆ। ਉਨਾ ਕੋਈ ਉੱਘ ਸੁੱਘ ਨਾ ਦਿੱਤੀ। ਫੇਰ ਇਕ ਦਿਨ ਹੈੱਡ ਮਾਸਟਰ ਦੇ ਘਰੇ ਪਤਾ ਕਰਿਆ ਤੇ ਕਦੋ ਰੱਖਣਾ ਹੈ? ਤਾਂ ਉਹ ਕਹਿੰਦੇ ਵੀ ਮੈਂ ਅਜੇ ਰਜਿਸਟਰ ਲੈ ਕੇ ਆਉਣਾ ਹੈ। ਮੈਂ ਸੋਚਦਾ ਸੀ ਨੌਕਰੀ ਵਾਸਤੇ ਕੋਈ ਸਰਕਾਰੀ ਰਜਿਸਟਰ ਲੱਗਦਾ ਹੋਵੇਗਾ। ਪਰ ਮੇਰੀ ਹੈਰਾਨੀ ਉਦੋਂ ਹੋਈ , ਜਿਹੜਾ ਉਹ ਰਜਿਸਟਰ ਲੈ ਕੇ ਆਏ ਉਹ 20 ਰੁਪਿਆਂ ਵਾਲਾ ਸੀ ।ਮੈਂ ਸੋਚਾਂ ,ਵੀ ਆਹੀ 20 ਰੁਪਿਆਂ ਦੇ ਰਜਿਸਟਰ ਪਿੱਛੇ ਹੀ ਇਹਨਾਂ ਇੰਨੇ ਦਿਨ ਮੈਨੂੰ ਰੋਕੀ ਰੱਖਿਆ। ਇਹ ਤਾਂ ਮੈਂ ਹੀ ਲਿਆ ਦਿੰਦਾ।

ਚਲੋ ਕਰਦੇ ਕਰਾਉਂਦੇ ਮਿਤੀ 23.08. 1993 ਨੂੰ ਇੰਟਰਵਿਊ ਦੀ ਮਿਤੀ ਰੱਖ ਦਿੱਤੀ।

ਇੰਟਰਵਿਊ ਦੇਣ ਵਾਲੇ ਅਸੀਂ ਤਿੰਨ ਕੁ ਜਣੇ ਸੀ। ਉਹਨਾਂ ਵਿੱਚ ਇੱਕ ਰਿਟਾਇਰਡ ਟੀਚਰ ਤੇ ਇੱਕ ਟੀਚਰ ਦਾ ਬੇਟਾ ਵੀ ਸੀ। ਮੈਂ ਸੋਚ ਰਿਹਾ ਸੀ ਬਈ ਇਨਾਂ ਦੋਨਾਂ ਨੂੰ ਰੱਖ ਲਿਆ ਜਾਵੇਗਾ ਮੈਨੂੰ ਕਿਹੜਾ ਕੋਈ ਜਾਣਦਾ ਹੈ। ਉਹਨਾਂ ਇੰਟਰਵਿਊ ਲੈਣ ਵਾਲਿਆਂ ਵਿੱਚ ਹੈਡ ਮਾਸਟਰ ਤੇ ਸਕੂਲ ਦੇ ਤਿੰਨ ਮਾਸਟਰ ਤੇ ਪਿੰਡ ਦੇ ਇੱਕ ਦੋ ਜਣੇ ਸਨ। ਸਾਡੀ ਵਾਰੀ ਵਾਰੀ ਇੰਟਰਵਿਊ ਲਈ ਗਈ। ਜਦੋਂ ਮੈਂ ਆਪਣਾ ਖਜ਼ਾਨਾ ਜਾਣੀ ਆਪਣੇ ਰਿਕਾਰਡ ਤੇ ਜਿੱਤੇ ਹੋਏ ਇਨਾਮਾਂ ਦੇ ਸਰਟੀਫਿਕੇਟ ਅੱਗੇ ਰੱਖੇ ਤਾਂ ਉਹਨਾਂ ਮੈਨੂੰ ਤੁਰੰਤ ਹਾਂ ਕਰ ਦਿੱਤੀ। ਤਨਖਾਹ ਦੀ ਗੱਲ 1200 ਰੁਪਏ ਵਿੱਚ ਨਿਬੜ ਗਈ।

ਉਹਨਾਂ ਵਿੱਚ ਇੱਕ ਨੌਜਵਾਨ ਮਾਸਟਰ ਨੇ ਮੈਨੂੰ ਕਿਹਾ 'ਸ਼ਾਬਾਸ਼ ਜਵਾਨ ਤੇਰੀਆਂ ਪ੍ਰਾਪਤੀਆਂ ਬਹੁਤ ਕਮਾਲ ਦੀਆਂ ਹਨ।'ਮੈਨੂੰ ਉਹ ਮਾਸਟਰ ਬਹੁਤ ਵਧੀਆ ਲੱਗਿਆ। ਅਸਲ ਵਿੱਚ ਉਹ ਮੇਰੇ ਸਕੂਲ ਛੱਡਣ ਤੋਂ ਬਾਅਦ ਨਵਾਂ ਮਾਸਟਰ ਹੀ ਆਇਆ ਸੀ। ਬਾਕੀ ਸਾਰੇ ਮਾਸਟਰ ਮੇਰੇ ਆਪਣੇ ਟੀਚਰ ਸਨ ਜਿਨਾਂ ਕੋਲ ਮੈਂ ਪੜਿਆ ਹੋਇਆ ਸੀ। ਫਿਰ ਸਾਰੇ ਸ਼ਾਬਾਸ਼ ਦੇਣ ਲੱਗੇ।

ਦੂਸਰੇ ਦਿਨ ਮੈਂ ਸਾਈਕਲ ਲਿਆ ਤੇ ਸਕੂਲ ਜਾ ਪੁੱਜਿਆ। ਸਕੂਲ ਦੀ ਹਾਲਤ ਜਦੋਂ ਮੈਂ ਪੜ੍ਹਦਾ ਸੀ ਉਦੋਂ ਨਾਲੋਂ ਕਾਫੀ ਖਦਸ਼ਾ ਹੋ ਚੁੱਕੀ ਸੀ। ਮੇਰੇ ਮਨ ਵਿੱਚ ਅਧਿਆਪਕਾਂ ਦਾ ਕਾਫੀ ਸਤਿਕਾਰ ਸੀ। ਜਦੋਂ ਉਹ ਅੱਧੀ ਛੁੱਟੀ ਬੈਠ ਕੇ ਗੱਲਾਂ ਕਰਦੇ ਤਾਂ ਅਜੀਬ ਗੱਲਾਂ ਸੁਣ ਕੇ ਮੈਂ ਹੈਰਾਨ ਰਹਿ ਜਾਂਦਾ ਕਿ ਅਧਿਆਪਕ ਵੀ ਇਹੋ ਜਿਹੀਆਂ ਗੱਲਾਂ ਕਰ ਸਕਦੇ ਹਨ। ਚਲੋ ਹੌਲੀ ਹੌਲੀ ਉਹਨਾਂ ਵਿੱਚ ਮੈਂ ਰਚ ਮਿਚ ਗਿਆ। ਮੈਂ ਆਪਣਾ ਆਰਟ ਦਾ ਕੰਮ ਸਕੂਲ ਸ਼ੁਰੂ ਕੀਤਾ। ਇਹਨਾਂ ਵਿੱਚ ਮੇਰਾ ਸਾਥ ਉਹ ਨਵਾਂ ਅਧਿਆਪਕ ਦਿੰਦਾ ਜਿਹੜਾ ਕਿ ਹਿਸਾਬ ਪੜਾਉਂਦਾ ਸੀ। ਓ ਮੇਰੇ ਕੰਮਾਂ ਦੀ ਦਾਦ ਦਿੰਦਾ ਤੇ ਕੰਮ ਕਰਨ ਲਈ ਉਤਸਾਹਤ ਵੀ ਕਰਦਾ।

ਇਕ ਦੋ ਟੀਚਰ ਮੇਰੇ ਵਿਦਿਆਰਥੀ, ਅਧਿਆਪਕਾਂ ਤੇ ਪਿੰਡ ਵਿੱਚ ਵਧਦੀ ਲੋਕਪ੍ਰਿਅਤਾ ਤੇ ਤੰਜ ਵੀ ਕਸਦੇ ਤੇ ਈਰਖਾ ਵੀ ਕਰਦੇ।

ਪਰ ਉਹ ਨਵਾਂ ਅਧਿਆਪਕ ਮੇਰਾ ਸਾਥ ਦੇ ਦਿੰਦਾ ਤੇ ਨਾਲ ਖੜਦਾ। ਉਹ ਅਧਿਆਪਕ ਸੀ 'ਸ੍ਰੀ ਰਾਮਚੰਦ 'ਮੈਥ ਮਾਸਟਰ ਪਿੰਡ ਜੱਖਲਾਂ। ਮੈਂ ਰਾਮ ਚੰਦ ਦੀ ਛੱਤਰ ਛਾਇਆ ਹੇਠ ਤੇ ਉਸ ਦੀ ਸ਼ਾਬਾਸ਼ ਹੇਠ ਕੰਮ ਕਰਦਾ।

ਅਸੀਂ ਜਲਦੀ ਹੀ ਦੋਨੋ ਦੋਸਤ ਬਣ ਗਏ। ਅਸਲ ਵਿੱਚ ਕਾਲਜ ਤੋਂ ਬਾਅਦ ਮੇਰੀ ਪਹਿਲੀ ਦੋਸਤੀ ਤੇ ਅਖੀਰੀ ਦੋਸਤੀ ਅਧਿਆਪਕਾਂ ਵਿੱਚ ਰਾਮ ਚੰਦ ਨਾਲ ਹੀ ਹੋਈ। ਰਾਮ ਚੰਦ ਬਹੁਤ ਮਿਹਨਤੀ ਤੇ ਹਸਮੁੱਖ ਸੁਭਾਅ ਤੇ ਕੰਮ ਦੀ ਦਾਦ ਦੇਣ ਵਾਲਾ ਅਧਿਆਪਕ ਸੀ।

ਉਹ ਹਮੇਸ਼ਾ ਮੇਰੇ ਨਾਲ ਵੱਡੇ ਭਰਾਵਾਂ ਵਾਂਗ ਖੜਦਾ । ਜਿਉਂ ਜਿਉਂ ਸਕੂਲ ਦੀ ਨੁਹਾਰ ਬਦਲਦੀ ਗਈ ਤੇ ਸਾਡੀ ਦੋਸਤੀ ਵੀ ਵਧਦੀ ਗਈ। ਅਸੀਂ ਸਕੂਲ ਦੇ ਵਿੱਚ ਤਰਾਂ ਤਰਾਂ ਦੇ ਫੁੱਲ ਲਿਆਉਂਦੇ ਤੇ ਥੋੜੇ ਸਮੇਂ ਵਿੱਚ ਹੀ ਅਸੀਂ ਸਕੂਲ ਹੱਸਣ ਲਗਾ ਦਿੱਤਾ।

ਪੜਾਉਣ ਵਿੱਚ ਵੀ ਸਾਡਾ ਕੋਈ ਸਾਨੀ ਨਹੀਂ ਸੀ। ਅਸੀਂ ਤਨ ਮਨ ਧਨ ਨਾਲ ਪੜ੍ਹਾਈ ਕਰਵਾਉਂਦੇ। ਜਦੋਂ ਪ੍ਰਾਈਵੇਟ ਅਧਿਆਪਕ ਦੀ ਚੜਤ ਹੋਵੇ ਤਾਂ ਤੁਹਾਡੇ ਨਾਲ ਈਰਖਾ ਹੋਣੀ ਸੁਭਾਵਿਕ ਹੀ ਹੁੰਦੀ ਹੈ। ਕਈ ਅਧਿਆਪਕ ਹਰ ਗੱਲ ਤੇ ਸਾਡੀ ਆਲੋਚਨਾ ਕਰਦੇ। ਮੈਂ ਸੋਚਦਾ ਕਿ ਕਦੋਂ ਮੈਨੂੰ ਸਰਕਾਰੀ ਨੌਕਰੀ ਮਿਲੇ ਤੇ ਮੇਰੇ ਉੱਤੇ ਲੱਗਿਆ ਇਹ ਕਲੰਕ ਹਟ ਜਾਵੇ ਕਿ ਤਾਂ ਸਾਡਾ ਪੀਟੀਏ ਤੇ ਰੱਖਿਆ ਅਧਿਆਪਕ ਹੈ। ਹੁਣ ਮੈਨੂੰ ਸਕੂਲ ਵਿੱਚ ਪੜਾਉਂਦਿਆਂ ਚੌਥਾ ਸਾਲ ਹੋ ਗਿਆ ਸੀ। ਉਨਾਂ ਦਿਨਾਂ ਵਿੱਚ ਹੀ ਅਧਿਆਪਕਾਂ ਦੀਆਂ ਪੋਸਟਾਂ ਨਿੱਕਲ ਆਈਆਂ। ਚਲੋ ਪਰਮਾਤਮਾ ਦੀ ਦੁਆ ਨਾਲ ਮੇਰਾ ਚਾਰ ਪੋਸਟਾਂ ਵਿੱਚ ਨਾ ਆ ਗਿਆ।

ਮੈਂ ਉਸੇ ਸਰਕਾਰੀ ਹਾਈ ਸਕੂਲ ਵਿੱਚ ਹੁਣ ਰੈਗੂਲਰ ਅਧਿਆਪਕ ਬਣ ਗਿਆ। ਇੱਕ ਤਾਂ ਮੇਰੀ ਨੌਕਰੀ ਪੱਕੇ ਹੋ ਗਈ ਦੂਜੀ ਮੇਰੀ ਤਨਖਾਹ ਕਈ ਗੁਣਾ ਵਧ ਗਈ। ਸਰਕਾਰੀ ਰਜਿਸਟਰ ਤੇ ਮੇਰੀ ਹਾਜ਼ਰੀ ਲੱਗਣ ਲੱਗੀ।

ਬਹੁਤ ਵਧੀਆ ਲੱਗਣ ਲੱਗਿਆ।

ਹੁਣ ਮੇਰੇ ਵਿਆਹ ਬਾਰੇ ਵੀ ਗੱਲਾਂ ਚੱਲਦੀਆਂ ਜਿਹਦੀ ਸਾਰੀ ਰਾਇ ਮੈਨੂੰ ਰਾਮ ਚੰਦ ਹੀ ਦਿੰਦਾ। ਉਹ ਮੇਰਾ ਮਿੱਤਰ ਹੀ ਨਹੀਂ ਇਕ ਵੱਡਾ ਵੀਰ ਬਣ ਗਿਆ। ਉਹ ਮੇਰੇ ਨਾਲ ਅਕਸਰ ਹੀ ਘਰੇ ਆਉਂਦਾ ਜਾਂਦਾ ਰਹਿੰਦਾ। ਮਾਂ ਵੀ ਰਾਮ ਚੰਦ ਨੂੰ ਬਹੁਤ ਪਿਆਰ ਕਰਦੀ। ਮਾਂ ਹਮੇਸ਼ਾ ਸਮਝਾਉਂਦੀ ਰਹਿੰਦੀ ,'ਵੇ ਪੁੱਤ ਤੂੰ ਇਹਦੇ ਉੱਤੇ ਹੱਥ ਰੱਖੀ ਇਹ ਤੇਰਾ ਛੋਟਾ ਭਰਾ ਹੈ।' ਰਾਮ ਚੰਦ ਵੀ ਮਾਂ ਨੂੰ ਆਪਣੀ ਮਾਂ ਸਮਝਦਾ। ਸਾਰੀਆਂ ਵਿਆਹ ਦੀਆਂ ਸਾਰੀਆਂ ਵਿਉਂਤਾਂ ਅਸੀਂ ਦੋਨਾਂ ਇਕੱਠਿਆਂ ਬੈਠ ਕੇ ਬਣਾਈਆਂ।

ਜਦੋਂ ਕਦੇ ਮੈਂ ਕੋਈ ਪੁਰਾਣੇ ਕਾਗਜ ਫੋਲਦਾ ਹਾਂ ਉਸ ਵਿੱਚ ਰਾਮ ਚੰਦ ਦੇ ਹੱਥੀਂ ਲਿਖੇ ਵਿਆਹ ਦੇ ਹਿਸਾਬ ਕਿਤਾਬ ਅੱਜ ਵੀ ਮੇਰੇ ਕੋਲ ਸੰਭਾਲੇ ਪਏ ਹਨ।

ਉਸ ਸਮੇਂ ਵਿੱਚ ਵੱਡੇ ਵੀਰ ਦੀ ਅਗਵਾਈ ਕਰਨ ਵਾਲਾ ਤੇ ਮੈਨੂੰ ਸਮਝਾਉਣ ਵਾਲਾ ਅੱਗੇ ਲੈ ਕੇ ਜਾਣ ਵਾਲਾ ਇਹ ਰਾਮਚੰਦ ਹਮੇਸ਼ਾ ਮੇਰੇ ਦਿਲ ਦੇ ਕਰੀਬ ਹੋ ਗਿਆ। ਸਾਡੇ ਮਿੱਤਰਤਾ ਇੱਕ ਰਿਸ਼ਤੇਦਾਰਾਂ ਨਾਲੋਂ ਵੀ ਵੱਧ ਗਈ। ਜਦੋਂ ਕਦੇ ਵੀ ਮੈਂ ਆਪਣੀ ਕਿਤਾਬ 'ਮੇਰੇ ਜੀਵਨ ਵਿੱਚ ਆਏ ਬੰਦੇ' ਲਿਖਾਂਗਾ ਤਾਂ ਪਹਿਲਾਂ ਵਰਕਾ ਰਾਮ ਚੰਦ ਦਾ ਹੋਵੇਗਾ।

ਰਾਮ ਚੰਦ ਦੇ ਪੜਾਏ ਜਵਾਕ ਹਮੇਸ਼ਾ ਉਸ ਨੂੰ ਯਾਦ ਕਰਦੇ ਰਹਿੰਦੇ ਹਨ। ਉਹਨਾਂ ਵਿੱਚੋਂ ਬਹੁਤੇ ਅਧਿਆਪਕ ਬਣ ਗਏ ਹਨ ਜਾਂ ਕਈ ਹੋਰ ਪੋਸਟਾਂ ਤੇ ਲੱਗ ਗਏ ਹਨ। ਇੱਕ ਵਾਰ ਮੇਰੇ ਪੁਰਾਣੇ ਵਿਦਿਆਰਥੀ ਮੇਰੇ ਘਰ ਆਏ ਉਹ ਆਪਣੀ ਪੁਰਾਣੀ ਦਸਵੀਂ ਦੀ ਫੋਟੋ ਦੇਖਣ ਲੱਗੇ ਤਾਂ ਉਹਨਾਂ ਵਿੱਚੋਂ ਇੱਕ ਕੁੜੀ ਬੋਲੀ 'ਸਰ ਰਾਮਚੰਦ' ਦੀ ਫੋਟੋ ਤੋਂ ਵੀ ਡਰ ਆਉਂਦਾ ਹੈ ਕਿ ਹੁਣ ਵੀ ਕਿਤੇ ਕੰਨ ਤੇ ਥੱਪੜ ਨਾ ਹੀ ਮਾਰਨ। ਰਾਮ ਚੰਦ ਹਮੇਸ਼ਾ ਬੱਚਿਆਂ ਦਾ ਰੋਲ ਮਾਡਲ ਤੇ ਗਾਈਡ ਅਧਿਆਪਕ ਤੇ ਸਿੱਧੀ ਲੀਹ ਤੇ ਲਿਜਾਣ ਵਾਲਾ ਅਧਿਆਪਕ ਰਿਹਾ ਹੈ।

ਭਾਵੇ ਰਾਮ ਚੰਦ ਅੱਜ ਕੱਲ ਰਿਟਾਇਰਡ ਹੋ ਚੁੱਕੇ ਹਨ ਪਰ ਮੇਰੇ ਅਜੇ ਵੀ ਬਹੁਤ ਕੰਮਾਂ ਵਿੱਚ ਗਾਈਡ ਹਨ ਤੇ ਮੇਰੀ ਅਗਵਾਈ ਕਰਦੇ ਹਨ ਤੇ ਮੈਂ ਹਮੇਸ਼ਾ ਉਹਨਾਂ ਨੂੰ ਯਾਦ ਕਰਦਾ ਹਾਂ।

ਮੈਂ ਇਸ ਵੀਰ ਲਈ ਦੁਆ ਕਰਦਾ ਹਾਂ ਕਿ ਇਹ ਜ਼ਿੰਦਗੀ ਭਰ ਮੇਰੇ ਲਈ ਇੰਜ ਹੀ ਵੱਡਾ ਵੀਰ ਬਣੇ ਰਹਿਣ ਤੇ ਇਹਨਾਂ ਦੀ ਉਮਰ ਲੋਕ ਗੀਤ ਜਿੰਨੀ ਹੋਵੇ ।ਹਮੇਸ਼ਾ ਚੜਦੀ ਕਲਾ ਵਿਚ ਰਹਿਣ।

ਜਦੋਂ ਵੀ ਕਦੇ ਰਾਮ ਚੰਦ ਦੇ ਘਰ ਜਾਈਦਾ ਹੈ ਤਾਂ ਕਦੇ ਓਪਰਾ ਨਹੀਂ ਲੱਗਿਆ ਸਗੋਂ ਬੱਚੇ ਪੁੱਤਰ -ਨੂੰਹ ,ਬੇਟੀ - ਜਵਾਈ ਸਭ ਆਪਣੇ ਆਪਣੇ ਲੱਗਦੇ ਹਨ।

ਇਸ ਖੂਬਸੂਰਤ ਇਨਸਾਨ ਨੂੰ ਅੱਜ ਦੇ ਦਿਨ ਮੈਂ ਜਨਮਦਿਨ ਮੁਬਾਰਕ ਕਹਿੰਦਾ ਹਾਂ। ਜਲਦੀ ਹੀ ਇੰਨਾ ਵਰੇ ਲੰਮਾਂ ਆਰਟੀਕਲ ਲਿਖਾਂਗਾ। ਜਿਉਂਦੇ ਵਸਦੇ ਰਹੋ।

ਛੋਟਾ ਵੀਰ

ਮਲਕੀਤ ਸਿੰਘ

ਬਿਲਿੰਗ।

ਪ੍ਰਿੰਸੀਪਲ (

ਇੰਚਾਰਜ਼)

ਸਮਾਜ ਵੀਕਲੀ ਨਿਊਜ਼

ਖੁਸ਼ੀ ਦੇ ਸਰੋਤ

ਮੇਰੇ ਯਾਦ ਹੈ ਜਦੋਂ ਪਿੰਡ ਅਸੀਂ ਪਿਛਲੀ ਕੱਚੀ ਸਵਾਤ ਨੂੰ ਢਾਹ ਕੇ ਨਵਾਂ ਕਮਰਾ ਪਾਇਆ ਤਾਂ ਮੇਰੀ ਮਾਂ ਕਿੰਨੀ ਖੁਸ਼ ਸੀ। ਭਾਵੇ ਨਵੇਂ ਪਾਏ ਕਮਰੇ ਦੀਆਂ ਤਿੰਨੇ ਕੱਚੀਆਂ ਕੰਧਾਂ ਓਹੀ ਸਨ। ਬੱਸ ਮੂਹਰਲੀ ਕੰਧ ਪੱਕੀਆਂ ਇੱਟਾਂ ਦੀ ਬਣਾਈ ਸੀ ਜਿਸ ਦੀ ਗਾਰੇ ਦੀ ਚਿਣਾਈ ਕਰੀ ਸੀ। ਪੁਰਾਣੀ ਮੋਟੀ ਲਟੈਨ ਕੱਢਕੇ ਸ਼ਤੀਰੀਆਂ ਦੀ ਕੜੀਆਂ ਵਾਲੀ ਛੱਤ ਪਾਈ ਸੀ। ਅਸੀਂ ਸਾਰੇ ਵੇਹੜੇ ਚ ਮਿੱਠੇ ਚੌਲ ਵੰਡੇ ਸੀ। ਹੁਣ ਦੋ ਸੌ ਗੱਜ ਦੀ ਤਿੰਨ ਮੰਜਲੀ ਕੋਠੀ ਪਾਕੇ ਵੀ ਉਹ ਖੁਸ਼ੀ ਨਹੀਂ ਹੋਈ। ਕਿਉਂਕਿ ਆਸੇ ਪਾਸੇ ਦੀਆਂ ਸਭ ਕੋਠੀਆਂ ਇਸ ਤੋਂ ਵੀ ਸੋਹਣੀਆਂ ਹਨ। ਪੱਕੀਆਂ ਇੱਟਾਂ ਤੇ ਟੀਪ ਕੀਤੀ ਕੰਧ ਤੇ ਜਦੋਂ ਦੀਵਾਲੀ ਤੋਂ ਪਹਿਲਾਂ ਕਲੀ ਕੀਤੀ ਤਾਂ ਸਾਨੂੰ ਇੰਜ ਲੱਗਿਆ ਜਿਵੇਂ ਇਸ ਸਾਲ ਅਸਲ ਦੀਵਾਲੀ ਤਾਂ ਸਾਡੀ ਹੀ ਹੈ। ਇਹ ਅਸਲ ਖੁਸ਼ੀ ਸੀ।

ਸੱਤਵੀਂ ਚ ਪੜ੍ਹਦੇ ਨੂੰ ਜਦੋਂ ਮੇਰੇ ਪਾਪਾ ਜੀ ਨੇ ਸਾਡੇ ਦੂਰ ਦੇ ਰਿਸ਼ਤੇਦਾਰ, ਜੋ ਦੋਧੀ ਸੀ, ਤੋਂ ਜਦੋਂ ਮੈਨੂੰ ਸੱਤਰ ਰੁਪਏ ਦਾ ਪੁਰਾਣਾ ਸਾਈਕਲ ਲੈਕੇ ਦਿੱਤਾ ਤਾਂ ਮੈਂ ਆਪਣੇ ਆਪ ਨੂੰ ਜਮਾਤ ਦਾ ਸਭ ਤੋਂ ਅਮੀਰ ਬੱਚਾ ਸਮਝਦਾ ਸੀ। ਭਾਵੇਂ ਮੇਰੇ ਕਿਸੇ ਬੇਲੀ ਕੋਲ੍ਹ ਸਾਈਕਲ ਨਹੀਂ ਸੀ ਪਰ ਮੈਂ ਸਭ ਨੂੰ ਸਾਈਕਲ ਤੇ ਝੂਟੇ ਦਿੰਦਾ। ਇਹ ਮੇਰੀ ਅਸਲ ਖੁਸ਼ੀ ਸੀ। ਪਰ ਜਦੋਂ ਮੈਂ ਨਵੀਂ ਕੇ10 ਖਰੀਦੀ ਤਾਂ ਸਾਨੂੰ ਉੱਨੀ ਖੁਸ਼ੀ ਨਹੀਂ ਹੋਈ ਕਿਉਂਕਿ ਸਾਡੇ ਕਈ ਨਜ਼ਦੀਕੀਆਂ ਅਤੇ ਰਿਸ਼ਤੇਦਾਰਾਂ ਕੋਲ੍ਹ ਬਰੀਜ਼ਾ, ਰਿਟਜ਼, ਆਈ 20 ਵਰਗੀਆਂ ਗੱਡੀਆਂ ਪਹਿਲ਼ਾਂ ਤੋਂ ਹੀ ਸਨ। ਇਹ ਖੁਸ਼ੀ ਉਸ ਪੁਰਾਣੇ ਸਾਈਕਲ ਖਰੀਦਣ ਦੀ ਖੁਸ਼ੀ ਨਾਲੋਂ ਕਿਤੇ ਘੱਟ ਸੀ। ਪੁਰਾਣਾ ਸਾਈਕਲ ਖਰੀਦੇ ਦੀ ਖੁਸ਼ੀ ਮੇਰੇ ਚੇਹਰੇ ਤੋਂ ਝਲਕਦੀ ਸੀ।

ਬਚਪਨ ਵਿੱਚ ਅੱਧੀ ਛੁੱਟੀ ਵੇਲੇ ਅਸੀਂ ਤਾਏ ਭਾਨੇ ਤੋਂ ਜਾਂ ਬਾਈ ਬਲਬੀਰੇ ਤੋਂ ਪੰਜੀ ਦਾ ਅਮਰੂਦ ਜਾਂ ਟਮਾਟਰ ਲੈਕੇ ਖਾਂਦੇ। ਅਸੀਂ ਆਪਣੇ ਆਪ ਨੂੰ ਬਹੁਤ ਕਿਸਮਤ ਵਾਲੇ ਸਮਝਦੇ। ਇੱਕ ਟਮਾਟਰ ਖਾਣ ਦਾ ਸੁਆਦ ਆਥਣ ਤੱਕ ਮੂੰਹ ਵਿੱਚ ਰਹਿੰਦਾ ਸੀ। ਜਿਸ ਦਿਨ ਸ਼ਾਮ ਵਾਲੀ ਚਾਹ ਨਾਲ਼ ਪੰਜੀ ਵਾਲੀ ਡਬਲ ਰੋਟੀ ਮਿਲ ਜਾਂਦੀ ਜਾਂ ਕਦੇ ਖਾਣ ਨੂੰ ਪੀਸ ਮਿਲ ਜਾਂਦੇ ਜਿੰਨਾ ਨੂੰ ਅੱਜਕਲ੍ਹ ਬ੍ਰੈਡ ਆਖਦੇ ਹਨ। ਬਹੁਤ ਚਾਅ ਚੜ੍ਹ ਜਾਂਦਾ ਸੀ। ਓਦੋਂ ਇਹ ਪੀਸ ਵੀ ਬੀਮਾਰ ਹੋਣ ਤੇ ਡਾਕਟਰ ਦੇ ਕਹਿਣ ਤੇ ਮਿਲਦੇ ਸਨ। ਹੁਣ ਸਾਢੇ ਤਿੰਨ ਸੌ ਦਾ ਪੀਜ਼ਾ ਜਾਂ ਇੱਕ ਸੌ ਅੱਸੀ ਦਾ ਸਭਵੇ ਖਾਕੇ ਵੀ ਉਹ ਖ਼ੁਸ਼ੀ ਨਹੀਂ ਮਿਲਦੀ। ਕਿਉਂਕਿ ਲੋਕ ਸਾਡੇ ਨਾਲੋਂ ਵੀ ਮਹਿੰਗਾ ਖਾ ਰਹੇ ਹੁੰਦੇ ਹਨ।

ਸਿਨੇਮਾ ਹਾਲ ਦੀ ਦੋ ਰੁਪਏ ਵਾਲ਼ੀ ਟਿਕਟ ਲੈਕੇ ਅਤੇ ਇੰਟਰਵੇਲ ਵਿੱਚ ਚੁਆਨੀ ਦੀ ਮੂੰਗਫਲੀ ਜਾਂ ਚੁਆਨੀ ਦਾ ਚਾਹ ਦਾ ਕੱਪ ਪੀਕੇ ਜਿਹੜੀ ਖੁਸ਼ੀ ਮਿਲਦੀ ਸੀ ਉਹ ਅੱਜ ਪੀ ਵੀ ਆਰ ਵਿੱਚ ਸਾਢੇ ਪੰਜ ਸੌ ਦੇ ਕੋਂਬੋ ਪੈਕ ਵਾਲੇ ਪੌਪ ਕੋਰਨ ਅਤੇ ਕੋਲਡ ਡ੍ਰਿੰਕ ਨਾਲ ਨਹੀਂ ਮਿਲਦੀ।

ਸਾਡੀ ਖੁਸ਼ੀ ਦਾ ਆਧਾਰ ਵਸਤੂ ਜਾ ਉਸਦੀ ਕੀਮਤ ਨਹੀਂ। ਅਸੀਂ ਆਪਣੀ ਖੁਸ਼ੀ ਦੀ ਤੁਲਨਾ ਦੂਸਰਿਆਂ ਨਾਲ ਕਰਦੇ ਹਾਂ। ਸਾਨੂੰ ਆਪਣੀ ਪ੍ਰਾਪਤੀ ਦੀ ਖ਼ੁਸ਼ੀ ਨਹੀਂ ਹੁੰਦੀ ਸਗੋਂ ਕੋਲ੍ਹ ਸਾਡੇ ਤੋਂ ਪਹਿਲ਼ਾਂ ਕਿਓਂ ਹੈ ਇਸ ਗੱਲ ਦਾ ਜ਼ਿਆਦਾ ਦੁੱਖ ਹੁੰਦਾ ਹੈ।

ਖੁਸ਼ੀ ਨਵੀਂ ਖਰੀਦਦਾਰੀ ਵਿੱਚ ਨਹੀਂ ਮਨ ਦੀ ਸੰਤੁਸ਼ਟੀ ਵਿੱਚ ਹੈ। ਇਹ ਇਨਸਾਨੀ ਫਿਤਰਤ ਹੈ ਤੇ ਅਸੀਂ ਆਪਣੀਆਂ ਖੁਸ਼ੀਆਂ ਤੋਂ ਵਾਂਝੇ ਰਹਿ ਜਾਂਦੇ ਹਾਂ।

ਰਮੇਸ਼ ਸੇਠੀ ਬਾਦਲ

ਪਹਿਲਾਂ ਲੁੱਟੋ ਤੇ ਫੇਰ ਸੁੱਟੋ!

ਆਰ ਐਸ ਐਸ, ਭਾਜਪਾ ਤੇ ਹੋਰ ਜੱਥੇਬੰਦੀਆਂ ਨੇ ਕਾਂਗਰਸ ਸਰਕਾਰ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਨੂੰ ਲੈਣ ਕੇ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਦਿੱਲੀ ਵਿੱਚ ਮੋਰਚਾ ਲਗਾਇਆ। ਕਾਂਗਰਸ ਦੇ ਵਿਰੁੱਧ ਝੂਠਾ ਪ੍ਰਚਾਰ ਕਰਕੇ ਉਸਨੂੰ ਸੱਤਾ ਤੋਂ ਬਾਹਰ ਕੀਤਾ। ਜਦੋਂ ਤੋਂ ਭਾਜਪਾ ਨੇ 2014 ਤੋਂ ਸੱਤਾ ਸੰਭਾਲੀ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਵਿੱਚ ਘੱਟ ਤੇ ਵਿਦੇਸ਼ਾਂ ਵਿੱਚ ਵਧੇਰੇ ਰਹੇ ਹਨ। ਉਹਨਾਂ ਨੇ ਗਿਆਰਾਂ ਸਾਲ ਵਿੱਚ ਇੱਕ ਵੀ ਪ੍ਰੈਸ ਕਾਨਫਰੰਸ ਨਹੀਂ ਕੀਤੀ। ਅਮਰੀਕਾ ਦੌਰੇ ਦੌਰਾਨ ਉਹਨਾਂ ਦਾ ਜਦੋਂ ਦੁਨੀਆਂ ਦੇ ਪੱਤਰਕਾਰਾਂ ਨਾਲ ਗੱਲਬਾਤ ਹੋਈ ਤਾਂ ਨਰਿੰਦਰ ਮੋਦੀ ਨੂੰ ਤੌਣੀ ਆ ਗਈ। ਉਹਨਾਂ ਨੂੰ ਪੱਤਰਕਾਰਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਸੀ।

ਉਹਨਾਂ ਪਹਿਲਾਂ ਜੀਐਸਟੀ ਬਿੱਲ ਪਾਸ ਕਰਕੇ ਦੇਸ਼ ਦੇ ਹਰ ਵਰਗ ਨੂੰ ਲੁੱਟਿਆ ਪੁੱਟਿਆ। ਨੋਟ ਬੰਦੀ ਕਰਕੇ ਲੋਕਾਂ ਦਾ ਉਜਾੜਾ ਕੀਤਾ। ਕਰੋਨਾ ਦੌਰ ਵਿੱਚ ਦੇਸ਼ ਨੂੰ ਰਾਮ ਭਰੋਸੇ ਛੱਡ ਕੇ, ਕਦੇ ਥਾਲੀਆਂ ਵਜਾਈਆਂ ਤੇ ਕਦੇ ਤਾੜੀਆਂ ਵਜਾਈਆਂ।

ਹੁਣ ਜਦੋਂ ਭਾਜਪਾ ਚਾਰੇ ਪਾਸਿਓਂ ਘਿਰ ਗਈ ਹੈ ਤੇ ਉਸਨੂੰ ਡਰ ਪੈਦਾ ਹੋ ਗਿਆ ਕਿ ਅਗਲੀਆਂ ਚੋਣਾਂ ਵਿੱਚ ਉਹਨਾਂ ਦੀ ਕੁਰਸੀ ਜਾਵੇਗੀ। ਉਹਨਾਂ ਨੇ ਦੇਸ਼ ਲੋਕਾਂ ਨੂੰ ਭਰਮਾਉਣ ਲਈ ਜੀਐਸਟੀ ਦੀਆਂ ਸ਼ਰਤਾਂ ਬਦਲ ਦਿੱਤੀਆਂ। ਲੋਕਾਂ ਨੂੰ ਰੁਜ਼ਗਾਰ ਦੇਣ ਦੇ ਦਾਅਵੇ ਖੋਖਲੇ ਸਿੱਧ ਹੋਏ। ਦੇਸ਼ ਵਿੱਚ ਜਾਤੀ ਨਾਲ, ਹਿੰਦੂ ਮੁਸਲਮਾਨ ਦਾ ਰੌਲਾ ਪਾਇਆ। ਦੇਸ਼ ਦੀ ਅਨਪੜ੍ਹ ਜਨਤਾ ਨੂੰ ਧਰਮ ਤੇ ਇਲਾਕਿਆਂ ਵਿੱਚ ਉਲਝਾਇਆ। ਹੁਣ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਜਦੋਂ ਦੇਸ਼ ਵਿੱਚ ਲਾਮਬੰਦੀ ਸ਼ੁਰੂ ਹੋਈ। ਕਾਂਗਰਸ ਨੇ ਵੋਟ ਚੋਰੀ ਦਾ ਮਾਮਲਾ ਸਾਹਮਣੇ ਲਿਆਂਦਾ। ਭਾਜਪਾ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਹੁਣ ਉਹ ਕੱਖ ਫਲਾਹੀ ਹੱਥ ਮਾਰ ਰਹੀ ਹੈ। ਭਾਜਪਾ ਸਰਕਾਰ ਆਪਣੀ ਹੋਂਦ ਬਚਾਉਣ ਖਾਤਰ ਹੁਣ ਲੋਕਾਂ ਨੂੰ ਭਰਮਾਉਣ ਵਾਸਤੇ ਇਹ ਨਵੇਂ ਨਵੇਂ ਬਿੱਲ ਲਿਆ ਰਹੀ ਹੈ। ਦੇਸ਼ ਦੇ ਲੋਕਾਂ ਨੂੰ ਨੂੰ ਹੁਣ ਜ਼ਰੂਰ ਸੋਚਣਾ ਪਵੇਗਾ ਕਿ ਉਹਨਾਂ ਨੇ ਆਪਣੇ ਜੀਵਨ ਨੂੰ ਬਚਾਉਣ ਲਈ ਕੀ ਕਰਨਾ ਹੈ?

ਬੁੱਧ ਸਿੰਘ ਨੀਲੋਂ

ਵਧੀਆ ਸਕੂਲੀ ਸਿੱਖਿਆ

ਸਿੱਖਿਆ ਅਧਿਆਪਨ ਵਿੱਚ ਸੁਧਾਰ ਹਿਤ ਵਧੀਆ ਕਲਾਸ ਰੂਮ ਅਤੇ ਆਧੁਨਿਕ ਲਾਇਬ੍ਰੇਰੀਆਂ ਸਮੇਂ ਦੇ ਹਾਣ ਦੀਆਂ ਬਣਾਉਣੀਆਂ ਬਹੁਤ ਜ਼ਰੂਰੀ ਹਨ। ਓਪਨ ਬੁੱਕ ਪ੍ਰੀਖਿਆ ਇੱਕ ਚੰਗੀ ਕੋਸ਼ਿਸ਼ ਹੈ। ਮਾਹਿਰ, ਵਚਨਬੱਧ ਅਤੇ ਸੰਤੁਸ਼ਟ ਅਧਿਆਪਕਾਂ ਦੀ ਜਰੂਰਤ ਹੈ। ਅਧਿਆਪਕ ਵਿਦਿਆਰਥੀ ਅਨੁਪਾਤ ਵੀ ਸੰਤੁਲਿਤ ਹੋਣਾ ਆਵਸ਼ਯਕ ਹੈ। ਵਿਦਵਾਨ ਅਵਿਜੀਤ ਪਾਠਕ ਜੀ ਲਿਖਦੇ ਹਨ ਕਿ ਰੈਡੀਮੇਡ ਜਵਾਬਾਂ ਤੇ ਗਾਈਡ ਬੁੱਕਾਂ ਦੇ ਕੋਚਿੰਗ ਸੈਂਟਰਾਂ ਦੁਆਰਾ, ਚਲਾਏ ਜਾ ਰਹੇ ਵਪਾਰ ਕਾਰੋਬਾਰ ਨੂੰ, ਉਤਸ਼ਾਹਿਤ ਕਰਦਾ ਹੈ। ਵੱਡੇ ਪੱਧਰ ਤੇ ਨਕਲ ਤੰਤਰ ਦੀ ਹੌਸਲਾ ਅਫਜ਼ਾਈ ਕਰਦਾ ਹੈ ਤੇ ਪ੍ਰੀਖਿਆ ਕੇਂਦਰ ਨੂੰ ਜੰਗ ਦੇ ਮੈਦਾਨ ਵਿੱਚ ਬਦਲ ਦਿੰਦਾ ਹੈ। ਮੌਜੂਦਾ ਸਕੂਲੀ ਸੱਭਿਆਚਾਰ, ਯਾਦ ਕਰਨ ਦੀ ਯੋਗਤਾ ਤੇ ਬਹੁਤ ਜ਼ੋਰ ਦਿੰਦਾ ਹੈ। ਇਹ ਵਿਗਿਆਨਿਕ ਸਿਧਾਂਤ, ਗਣਿਤ ਦੇ ਸਮੀਕਰਨਾਂ ਨੂੰ, ਯਾਦ ਕਰਨਾ, ਰੱਟੇਬਾਜੀ ਨੂੰ ਉਤਸਾਹਿਤ ਕਰਦਾ ਹੈ ਅਤੇ ਸਿਖਣ ਦੇ ਤਜਰਬੇ ਦੇ ਆਨੰਦ, ਅਚੰਭਾ ਅਤੇ ਆਤਮ ਚਿੰਤਨ ਨੂੰ ਖੋਹ ਲੈਂਦਾ ਹੈ। ਰਵਿੰਦਰ ਨਾਥ ਟੈਗੋਰ, ਇਸ ਨੂੰ ਗੁੰਝਲਦਾਰ ਤੋਤਾ, ਮੰਨਦੇ ਹਨ, ਜੋ ਹਰ ਕਿਸਮ ਦੇ ਸਵਾਲਾਂ ਦਾ ਜਵਾਬ ਦਿੰਦਾ ਹੈ, ਜਿਵੇਂ ਅਕਬਰ ਦੇ ਦਾਦਾ ਕੌਣ ਸਨ? ਤਨਜ਼ਾਨੀਆ ਦੀ ਰਾਜਧਾਨੀ ਦਾ ਕੀ ਨਾਂ ਹੈ ਆਦਿ।

ਅਜਿਹੀ ਅਧਿਆਪਨ ਪ੍ਰਣਾਲੀ ਦੀ ਜਰੂਰਤ ਹੈ ਜੋ ਨੌਜਵਾਨ ਸਿਖਿਆਰਥੀ ਨੂੰ ਵਿਆਖਿਆਤਮਕ ਹੁਨਰਾਂ ਅਤੇ ਆਲੋਚਨਾਤਮਕ ਸੋਚ ਦੀ ਸ਼ਕਤੀ ਨੂੰ ਤਿੱਖਾ ਕਰੇ। ਚੰਗੀਆਂ ਕਿਤਾਬਾਂ ਪੜਨ ਲਈ ਉਤਸਾਹ ਪੈਦਾ ਕਰੇ। ਜੋ ਉਸਨੂੰ ਪਾਠਕ੍ਰਮ ਪਾਠ ਪੁਸਤਕਾਂ ਤੋਂ ਪਰ੍ਹਾਂ ਲਿਜਾਵੇ। ਸੱਟੇਬਾਜੀ ਦੀ ਮਸ਼ੀਨੀ ਪ੍ਰਕਿਰਿਆ ਤੇ ਬਾਜ਼ਾਰ ਵਿੱਚ ਉਪਲੱਬਧ ਪਾਠ ਪੁਸਤਕਾਂ/ਨੋਟਸ ਤੇ ਨਕਲ ਮਾਰਨ ਦੀ ਪ੍ਰਵਿਰਤੀ ਤੋਂ ਬਚਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ। ਦੂਜਾ ਹੈ ਸਿਖਾਉਣ ਦੀ ਕਲਾ ਜਦੋਂ ਤੱਕ ਟੀਚਰ ਕਲਾਸ ਰੂਮ ਵਿੱਚ ਡੂੰਘੇ ਅਧਿਆਪਨ ਅਮਲ ਤੇ ਤਰੋ ਤਾਜਾ ਸੋਚ ਦੀ ਭਾਵਨਾ ਨੂੰ ਨਹੀਂ ਫੈਲਾਉਂਦੇ ਤਦ ਤੱਕ ਨੌਜਵਾਨ ਵਿਦਿਆਰਥੀਆਂ ਨੂੰ ਆਦਰਸ਼ ਬਦਲਾਓ ਲਈ ਪ੍ਰੇਰਿਤ ਨਹੀਂ ਕਰ ਸਕਦੇ। ਪ੍ਰੀਖਿਆ ਦੇ ਡਰ ਤੋਂ ਨਿਕਲ ਕੇ ਸਿੱਖਣ ਦਾ ਆਨੰਦ ਲੈਣ ਲਈ ਅਧਿਆਪਕ ਅਤੇ ਵਿਦਿਆਰਥੀ ਇਕੱਠੇ ਚੱਲਣ। ਦਿਮਾਗੀ ਛਾਣਬੀਣ ਅਤੇ ਤਾਜ਼ਗੀ ਨਾਲ ਗਿਆਨ ਦੀਆਂ ਸੀਮਾਵਾਂ ਦੀ ਪੜਚੋਲ ਕਰਨ ਲਈ, ਹੌਸਲਾ ਵਧਾਉਣ ਦੇ ਉਪਰਾਲੇ ਕਰਨ। ਅਧਿਆਪਕ ਖੁਦ ਸਿਖਾਂਦਰੂ ਬਣਨਾ ਚਾਹੀਦਾ ਹੈ। ਰਚਨਾਤਮਕ ਵਿਚਾਰ ਵਿਦਿਆਰਥੀਆਂ ਅੰਦਰ ਪੈਦਾ ਕਰਨੇ ਚਾਹੀਦੇ ਹਨ। ਵਿਦਿਆਰਥੀ ਭਾਵੇਂ ਨੋਟਸ ਤੇ ਕਿਤਾਬਾਂ ਖੋਲ ਕੇ ਸਾਹਮਣੇ ਰੱਖ ਲੈਣ ਅਤੇ ਆਪਣੇ ਉੱਤਰ ਤਿਆਰ ਕਰਨ। ਜਿਸ ਵਿੱਚ ਉਹ ਅਪਣੇ ਵਿਚਾਰ ਪੇਸ਼ ਕਰਨਯੋਗ ਹੋ ਜਾਣ।

ਪ੍ਰਾਈਵੇਟ ਸਿੱਖਿਆ ਸਕੂਲ ਤੇਜੀ ਨਾਲ ਮੁਨਾਫਾ ਮੁਖੀ ਬਣ ਰਹੇ ਹਨ। ਸਿੱਖਿਆ ਨੂੰ ਇੱਕ ਵਸਤੂ ਵਿੱਚ ਬਦਲ ਰਹੇ ਹਨ। ਸਰਕਾਰਾਂ ਦੀ ਇਸ ਮਾਮਲੇ ਵਿੱਚ, ਵਿੱਤੀ ਸਹਿਯੋਗ ਦੇ, ਨਾਲ ਨਾਲ ਇਖਲਾਕੀ ਮਦਦ ਦੀ ਵੀ ਜਰੂਰਤ ਹੈ, ਤਾਂ ਜੋ ਸਰਕਾਰੀ ਸਕੂਲ ਵੀ ਜੀਵੰਤ, ਰਚਨਾਤਮਕ ਅਧਿਆਪਕ, ਚੰਗੀਆਂ ਲਾਇਬਰੇਰੀਆਂ ਤੇ ਪ੍ਰਯੋਗਸ਼ਾਲਾਵਾਂ, ਤੋਂ ਵੱਧ ਤੋਂ ਵੱਧ ਸਿੱਖਣ ਦੇ ਸੱਭਿਆਚਾਰ ਨੂੰ ਵਧਾਉਣ। ਬਿਲਡਿੰਗਾਂ ਦੀ ਦਿੱਖ ਵੀ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ।

ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639

ਪੈਨਸ਼ਨਰਜ਼ ਵੈਲਫ਼ੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਹੋਈ

ਬੈਂਕ ਅਧਿਕਾਰੀ ਵੱਲੋਂ ਕੀਮਤੀ ਜਾਣਕਾਰੀ ਸਾਂਝੀ ਕੀਤੀ ਗਈ, ਹੜ੍ਹ ਪੀੜਤਾਂ ਲਈ ਮੌਕੇ 'ਤੇ 35000 ਰੁਪਏ ਇਕੱਠੇ ਕੀਤੇ

ਧੂਰੀ , (ਰਮੇਸ਼ਵਰ ਸਿੰਘ) ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ:1180) ਧੂਰੀ ਵੱਲੋਂ ਜਥੇਬੰਦੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸੁਖਦੇਵ ਸ਼ਰਮਾ, ਸਕੱਤਰ ਅਮਰਜੀਤ ਸਿੰਘ, ਜਸਦੇਵ ਸਿੰਘ, ਰਮੇਸ਼ ਸ਼ਰਮਾ, ਚਰਨਜੀਤ ਸਿੰਘ ਕੈਂਥ, ਇੰਦਰਜੀਤ ਸ਼ਰਮਾ ਅਤੇ ਗੁਰਦਾਸ ਬਾਂਸਲ ਦੀ ਅਗਵਾਈ ਹੇਠ ਸਥਾਨਕ ਦਫ਼ਤਰ ਵਿਖੇ ਹੋਈ । ਮੀਟਿੰਗ ਦੀ ਸ਼ੁਰੂਆਤ ਮੌਕੇ ਪਿਛਲੀ ਮੀਟਿੰਗ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰ , ਉਹਨਾਂ ਦੇ ਨਜ਼ਦੀਕੀਆਂ ਅਤੇ ਹੜ੍ਹਾਂ ਦੀ ਭਿਅੰਕਰ ਤਬਾਹੀ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿੰਟ ਦਾ ਮੌਨ ਰੱਖਿਆ ਗਿਆ। ਅੱਜ ਦੀ ਮੀਟਿੰਗ ਦੌਰਾਨ ਸਟੇਟ ਬੈਂਕ ਆਫ਼ ਇੰਡੀਆ (ਬੈਂਕ ਰੋਡ) ਦੇ ਡਿਪਟੀ ਮੈਨੇਜਰ ਦਵਿੰਦਰ ਸਿੰਘ ਨੇ ਪੈਨਸ਼ਨਰਾਂ ਦੇ ਬੈਂਕ ਨਾਲ ਪੈਨਸ਼ਨ ਸੰਬੰਧੀ ਕੰਮਾਂ ਬਾਰੇ ਵੱਡਮੁੱਲੀ ਜਾਣਕਾਰੀ ਸਾਂਝੀ ਕੀਤੀ । ਉਹਨਾਂ ਬੈਂਕ ਵੱਲੋਂ ਭਰੋਸਾ ਦਿਵਾਇਆ ਕਿ ਪੈਨਸ਼ਨਰਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕਰਨ ਲਈ ਸਮੂਹ ਸਟਾਫ਼ ਹਮੇਸ਼ਾ ਤਤਪਰ ਹੈ। ਉਹਨਾਂ ਇਸ ਮੌਕੇ ਪੈਨਸ਼ਨਰਾਂ ਦੀਆਂ ਸਮਸਿਆਵਾਂ ਨੂੰ ਵੀ ਧਿਆਨ ਨਾਲ ਸੁਣਿਆ ਅਤੇ ਜਲਦੀ ਹੱਲ ਕਰਨ ਦਾ ਭਰੋਸਾ ਵੀ ਦਿਵਾਇਆ । ਇਸ ਮੌਕੇ ਪ੍ਰਧਾਨ ਸੁਖਦੇਵ ਸ਼ਰਮਾ ਨੇ ਡਿਪਟੀ ਮੈਨੇਜਰ ਦਵਿੰਦਰ ਸਿੰਘ ਦਾ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚਣ ਅਤੇ ਕੀਮਤੀ ਜਾਣਕਾਰੀ ਸਾਂਝੀ ਕਰਨ ਲਈ ਸਮੂਹ ਪੈਨਸ਼ਨਰਾਂ ਵੱਲੋਂ ਧੰਨਵਾਦ ਕੀਤਾ।

ਉਪਰੰਤ ਮੂਲ ਚੰਦ ਸ਼ਰਮਾ ਨੇ ਹੜ੍ਹਾਂ ਦੀ ਤਬਾਹੀ ਨੂੰ ਬਿਆਨ ਕਰਦਾ ਅਪਣਾ ਗੀਤ ਤਰੰਨਮ ਵਿੱਚ ਪੇਸ਼ ਕੀਤਾ। ਇਸ ਮੌਕੇ ਆਪਣੇ ਸੰਬੋਧਨ ਵਿੱਚ ਪ੍ਰਧਾਨ ਸੁਖਦੇਵ ਸ਼ਰਮਾ ਨੇ ਬੀਤੇ ਦਿਨੀਂ ਹੋਈ ਸਬਾ ਕਮੇਟੀ ਦੀ ਮੀਟਿੰਗ ਦੀ ਰਿਪੋਰਟਿੰਗ ਪੇਸ਼ ਕੀਤੀ ਅਤੇ ਸੂਬਾ ਕਮੇਟੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਉਲੀਕੇ ਜਾਣ ਵਾਲੇ ਸੰਘਰਸ਼ ਦੀ ਰੂਪ ਰੇਖਾ ਸਾਂਝੀ ਕੀਤੀ । ਉਹਨਾਂ ਸੂਬਾ ਕਮੇਟੀ ਵੱਲੋਂ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਫੰਡ ਇਕੱਤਰ ਕਰਨ ਲਈ ਅਪੀਲ ਨੂੰ ਭਰਵਾਂ ਹੁੰਗਾਰਾ ਦੇਣ ਦੀ ਬੇਨਤੀ ਕੀਤੀ, ਜਿਸ 'ਤੇ ਮੀਟਿੰਗ ਵਿੱਚ ਹਾਜ਼ਰ ਪੈਨਸ਼ਨਰਾਂ ਨੇ ਤੁਰੰਤ ਅਮਲ ਕਰਦੇ ਹੋਏ 35000(ਪੈਂਤੀ ਹਜ਼ਾਰ) ਰੁਪਏ ਦੀ ਸਹਾਇਤਾ ਮੌਕੇ 'ਤੇ ਇਕੱਠੀ ਕੀਤੀ। ਮੀਟਿੰਗ ਦੌਰਾਨ ਪੈਨਸ਼ਨਰ ਆਗੂ ਸਤੀਸ਼ ਸ਼ਰਮਾ, ਜਸਦੇਵ ਸਿੰਘ, ਜਸਵੰਤ ਰਾਏ ਗੁਪਤਾ, ਰਤਨ ਸਿੰਘ ਭੰਡਾਰੀ, ਮੇਜਰ ਸਿੰਘ ਲੈਕਚਰਾਰ, ਜੈ ਭਗਵਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ।

ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਇਹ ਮੀਟਿੰਗ ਬਹੁਤ ਹੀ ਪ੍ਰਭਾਵਸ਼ਾਲੀ ਰਹੀ । ਇਸ ਮੀਟਿੰਗ ਵਿੱਚ ਸਾਲਾਨਾ ਪੈਨਸ਼ਨਰ ਦਿਹਾੜੇ ਨੂੰ ਪਹਿਲਾਂ ਵਾਂਗ ਹੀ ਮੰਗਲਾ ਆਸ਼ਰਮ (ਗਊ ਸ਼ਾਲਾ) ਵਿਖੇ ਧੂਮ ਧਾਮ ਨਾਲ ਮਨਾਉਣ ਦਾ ਫੈਸਲਾ ਕੀਤਾ ਗਿਆ । ਇਸ ਬਾਰੇ 75 ਸਾਲਾ ਸਨਮਾਨਿਤ ਹੋਣ ਵਾਲੇ ਪੈਨਸ਼ਨਰਾਂ ਨੂੰ ਸੁਨੇਹੇ ਲਾਉਣ ਲਈ ਡਿਊਟੀਆਂ ਲਾਈਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੀਤਮ ਸਿੰਘ, ਪ੍ਰੋਫੈਸਰ ਮਦਨ ਲਾਲ, ਜੀਤ ਸਿੰਘ ਭਲਵਾਨ, ਕਰਮਜੀਤ ਸਿੰਘ ਮਡਾਹਰ, ਕਰਮ ਸਿੰਘ ਢੀਂਡਸਾ, ਜੈ ਭਗਵਾਨ ਦਾਸ, ਨਿਰਮਲ ਸਿੰਘ , ਭਜਨ ਸਿੰਘ ਰੰਗੀਆਂ, ਦਰਸ਼ਨ ਸਿੰਘ ਧਾਂਦਰਾ , ਭਗਵਾਨ ਸਿੰਘ ਰਟੋਲ , ਕਰਮ ਸਿੰਘ ਢੀਂਡਸਾ, ਸਰਬਜੀਤ ਸਿੰਘ ਮੀਮਸਾ, ਫ਼ਕੀਰ ਸਿੰਘ, ਪ੍ਰਿੰਸੀਪਲ ਸੀਤਾ ਸਿੰਘ, ਅਮਰਜੀਤ ਗੋਇਲ, ਨਛੱਤਰ ਸਿੰਘ ਦਿਓਲ, ਜੋਗਿੰਦਰ ਸਿੰਘ ਪੁੰਨਾਵਾਲ, ਜਾਗਰ ਸਿੰਘ, ਸ਼ਿਆਮ ਸਿੰਘ ਮੂਲੋਵਾਲ, ਜਨਕ ਰਾਜ ਸ਼ਰਮਾ,ਰਾਮ ਲਾਲ, ਕਰਮਜੀਤ ਸਿੰਘ, ਤੇਜਾ ਸਿੰਘ, ਆਤਮਾ ਸਿੰਘ ਘਨੌਰ, ਕਰਮਜੀਤ ਸਿੰਘ, ਮੱਘਰ ਸਿੰਘ, ਓਂਕਾਰ ਸ਼ਰਮਾ, ਮਨੋਹਰ ਲਾਲ ਬਰਡਵਾਲ, ਤਰਲੋਚਨ ਸਿੰਘ, ਹਰਚਰਨ ਸਿੰਘ, ਨਿਰਮਲ ਸਿੰਘ ਪੰਜਾਬ ਪੁਲਿਸ , ਮੁਖਤਿਆਰ ਸਿੰਘ, ਕਰਨੈਲ ਸਿੰਘ, ਗੁਰਚਰਨ ਸਿੰਘ, ਸੋਮ ਨਾਥ ਅੱਤਰੀ, ਬਲਦੇਵ ਸਿੰਘ ,ਜੋਰਾ ਸਿੰਘ, ਮੱਘਰ ਸਿੰਘ, ਧਰਮਪਾਲ ਸਿੰਘ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

ਅੰਤਰਰਾਸ਼ਟਰੀ ਸੰਕੇਤ ਭਾਸ਼ਾਵਾਂ ਦਿਵਸ

ਸੰਕੇਤ ਭਾਸ਼ਾ ਸਿੱਖਣ ਦਾ ਬੋਲੇ ਲੋਕਾਂ ਦਾ ਇੱਕ ਬੁਨਿਆਦੀ ਅਧਿਕਾਰ ਹੈ

ਅੰਤਰਰਾਸ਼ਟਰੀ ਸੈਨਤ ਭਾਸ਼ਾ ਦਿਵਸ ਹਰ ਸਾਲ 23 ਸਤੰਬਰ ਨੂੰ ਬੋਲੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਸੈਨਤ ਭਾਸ਼ਾਵਾਂ ਦੀ ਮਹੱਤਤਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਇਹ ਪਹਿਲੀ ਵਾਰ 2018 ਵਿੱਚ ਮਨਾਇਆ ਗਿਆ ਸੀ, ਇਹ ਤਾਰੀਖ 23 ਸਤੰਬਰ, 1951 ਨੂੰ ਵਰਲਡ ਫੈਡਰੇਸ਼ਨ ਆਫ਼ ਦ ਡੈਫ਼ ਦੀ ਸਥਾਪਨਾ ਦੀ ਯਾਦ ਵਿੱਚ ਚੁਣੀ ਗਈ ਸੀ। ਸੰਯੁਕਤ ਰਾਸ਼ਟਰ ਨੇ ਇਸ ਦਿਨ ਦਾ ਐਲਾਨ ਕੀਤਾ, ਜੋ ਕਿ ਵਿਆਪਕ ਅੰਤਰਰਾਸ਼ਟਰੀ ਡੈਫ਼ (ਬੋਲੇ) ਹਫ਼ਤੇ ਦਾ ਵੀ ਹਿੱਸਾ ਹੈ, ਸੈਨਤ ਭਾਸ਼ਾਵਾਂ ਦੀ ਭਾਸ਼ਾਈ ਅਤੇ ਸੱਭਿਆਚਾਰਕ ਵਿਭਿੰਨਤਾ ਨੂੰ ਉਜਾਗਰ ਕਰਨ ਅਤੇ ਸਮਾਵੇਸ਼ ਦੀ ਵਕਾਲਤ ਕਰਨ ਲਈ ਵੀ ਲਿਆਂਦਾ ਗਿਆ।

ਸੰਕੇਤ ਭਾਸ਼ਾ ਸਰੀਰ ਦੀ ਹਰਕਤ, ਖਾਸ ਕਰਕੇ ਹੱਥ, ਉਂਗਲੀ, ਬਾਂਹ, ਸਿਰ ਅਤੇ ਚਿਹਰੇ ਦੇ ਹਾਵ-ਭਾਵਾਂ ਤੋਂ ਇਲਾਵਾ ਵਿਕਸਤ ਕੀਤੇ ਗਏ ਖਾਸ ਚਿੰਨ੍ਹਾਂ ਰਾਹੀਂ ਸੰਚਾਰ ਦਾ ਸਾਧਨ ਹੈ। ਇਹ ਆਪਣੀ ਵਿਆਕਰਣ ਅਤੇ ਸ਼ਬਦਕੋਸ਼ ਵਾਲੀ ਪੂਰੀ ਤਰ੍ਹਾਂ ਵਿਕਸਤ ਕੁਦਰਤੀ ਭਾਸ਼ਾ ਹੈ। ਇਹ ਅਭਿਆਸ ਬੋਲਣ ਨਾਲੋਂ ਵੀ ਪੁਰਾਣਾ ਹੈ। ਕਿਉਂਕਿ ਰਵਾਇਤੀ ਬੋਲਣ ਲਈ ਲੋਕਾਂ ਨੂੰ ਬੋਲਣ ਲਈ ਸੁਣਨ ਦੀ ਭਾਵਨਾ ਦੀ ਲੋੜ ਹੁੰਦੀ ਹੈ, ਸੰਕੇਤ ਭਾਸ਼ਾ ਸੁਣਨ ਤੋਂ ਕਮਜ਼ੋਰ ਲੋਕਾਂ ਨੂੰ ਦੂਜਿਆਂ ਨਾਲ ਅਤੇ ਨਾਲ ਹੀ ਆਪਸ ਵਿੱਚ ਸੰਚਾਰ ਕਰਨ ਵਿੱਚ ਮਦਦ ਕਰਦੀ ਹੈ। ਇਹ ਬੋਲੇ ਲੋਕਾਂ ਦੇ ਸਮਾਜਿਕ ਸਮਾਵੇਸ਼ ਵਿੱਚ ਮਦਦ ਕਰਦਾ ਹੈ ਅਤੇ ਸਨਮਾਨ ਨਾਲ ਉਨ੍ਹਾਂ ਦੇ ਸਰਵਪੱਖੀ ਵਿਕਾਸ ਦੇ ਰਾਹ ਵੱਲ ਲੈ ਜਾਂਦਾ ਹੈ।

ਜ਼ਿਆਦਾਤਰ ਲੋਕਾਂ ਲਈ, ਸੈਨਤ ਭਾਸ਼ਾ ਸਿੱਖਣੀ ਸ਼ੁਰੂ ਕਰਨਾ ਆਸਾਨ ਹੈ। ਨਾਂਵ ਅਤੇ ਕਿਰਿਆਵਾਂ ਕਾਫ਼ੀ ਆਸਾਨ ਹਨ। ਉਂਗਲਾਂ ਦੇ ਸਪੈਲਿੰਗ ਯਾਦ ਰੱਖਣੇ ਆਸਾਨ ਹਨ। ਪਰ ਇਹ ਸੱਚ ਹੈ, ਸ਼ਾਇਦ, ਕਿਸੇ ਵੀ ਭਾਸ਼ਾ ਲਈ। ਟੁਕੜਿਆਂ ਨੂੰ ਇਕੱਠਾ ਕਰਨਾ ਵਧੇਰੇ ਮੁਸ਼ਕਲ ਹੈ। ਬੋਲੇ ਲੋਕਾਂ ਨੂੰ ਪੜ੍ਹਨਾ ਜੋ ਆਪਣੀ ਸ਼ਬਦਾਵਲੀ ਵਿੱਚੋਂ ਚੁਣ ਰਹੇ ਹਨ, ਨਾ ਕਿ ਤੁਹਾਡੀਆਂ ਸੂਚੀਆਂ ਵਿੱਚੋਂ, ਔਖਾ ਹੈ। ਇਸ 3ਧ ਭਾਸ਼ਾ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਨੂੰ ਸਿੱਖਣਾ ਚੁਣੌਤੀਪੂਰਨ ਹੈ। ਉਹਨਾਂ ਨੂੰ ਪੜ੍ਹਨਾ ਸਿੱਖਣਾ ਔਖਾ ਹੈ। ਇਹ ਇੱਕ ਭਾਸ਼ਾ ਹੈ, ਇਸ ਲਈ ਤੁਸੀਂ ਆਪਣੀ ਪੂਰੀ ਜ਼ਿੰਦਗੀ ਇਸ ਵਿੱਚ ਹੋਰ ਹੁਨਰਮੰਦ ਬਣਨ ਵਿੱਚ ਬਿਤਾ ਸਕਦੇ ਹੋ। ਪਰ, ਜ਼ਿਆਦਾਤਰ ਲੋਕਾਂ ਲਈ, ਇਹ ਯਾਤਰਾ ਦਿਮਾਗ ਨੂੰ ਫੈਲਾਉਣ ਵਾਲੀ ਹੈ। ਨਾਲ ਹੀ ਤੁਹਾਨੂੰ ਬੋਲੇ ਲੋਕਾਂ ਨਾਲ ਸਿੱਧੇ ਤੌਰ 'ਤੇ ਗੱਲ ਕਰਨ ਦਾ ਮੌਕਾ ਮਿਲਦਾ ਹੈ, ਅਤੇ ਇਹ ਇੱਕ ਖੁਸ਼ੀ ਦੀ ਗੱਲ ਹੈ।

ਜਦ ਕਿ ਸੰਕੇਤਾਂ ਵਾਲੀ ਭਾਸ਼ਾ ਦਾ ਇਤਿਹਾਸ ਸੱਭਿਅਤਾ ਜਿੰਨਾ ਪੁਰਾਣਾ ਹੈ। ਜਦੋਂ ਕੋਈ ਰਸਮੀ ਭਾਸ਼ਾ ਨਹੀਂ ਸੀ, ਤਾਂ ਸੰਚਾਰ ਲਈ ਸੰਕੇਤਾਂ ਦੀ ਵਰਤੋਂ ਕੀਤੀ ਜਾਂਦੀ ਸੀ। ਸ਼ੁਰੂ ਵਿੱਚ ਬੱਚਾ ਅਤੇ ਉਸਦਾ ਪਰਿਵਾਰ ਸੰਕੇਤਾਂ ਰਾਹੀਂ ਇੱਕ ਦੂਜੇ ਨਾਲ ਜੁੜਦੇ ਸਨ।

ਸਮੇਂ ਦੇ ਨਾਲ ਅਮਰੀਕੀ ਸੈਨਤ ਭਾਸ਼ਾ (ਏਐਸਐਲ), ਬ੍ਰਿਟਸ਼ ਸੈਨਤ ਭਾਸ਼ਾ (ਬੀਐਸਐਲ) ਵਰਗੀਆਂ ਮਿਆਰੀ ਸੈਨਤ ਭਾਸ਼ਾਵਾਂ ਵਿਕਸਤ ਕੀਤੀਆਂ ਗਈਆਂ। ਜੋ ਦੁਨੀਆ ਵਿੱਚ ਬੋਲੇ ਲੋਕਾਂ ਨੂੰ ਸਮਝਣ ਅਤੇ ਉਹਨਾਂ ਦੀ ਮਦਦਕਰਨ ਲਈ ਇੱਕ ਪ੍ਰਭਾਵਸ਼ਾਲੀ ਸੰਚਾਰ ਸਾਧਨ ਦੀ ਭੂਮਿਕਾ ਨਿਭਾ ਰਹੀਆਂ ਹਨ। ਸੈਨਤ ਭਾਸ਼ਾ ਦੀ ਵਰਤੋਂ ਉੱਥੇ ਕੀਤੀ ਜਾਂਦੀ ਹੈ ਜਿੱਥੇ ਬੋਲਣਾ ਸੰਭਵ ਜਾਂ ਮੁਸ਼ਕਲ ਨਹੀਂ ਹੁੰਦਾ। ਜੇਕਰ ਬੋਲੇ ਲੋਕ ਆਪਣੇ ਆਲੇ ਦੁਆਲੇ ਦੇ ਲੋਕਾਂ ਨਾਲ ਸਹੀ ਢੰਗ ਨਾਲ ਸੰਚਾਰ ਕਰਨ ਦੇ ਯੋਗ ਨਹੀਂ ਹੁੰਦੇ ਹਨ ਤਾਂ ਇਹ ਨਿਰਾਸ਼ਾਜਨਕ ਹੋ ਸਕਦਾ ਹੈ।

ਸੈਨਤ ਭਾਸ਼ਾ ਸੁਣਨ ਤੋਂ ਅਸਮਰੱਥ ਅਤੇ ਬੋਲਣ ਵਾਲੇ ਲੋਕਾਂ ਵਿਚਕਾਰ ਭਾਸ਼ਾ ਦੀਆਂ ਰੁਕਾਵਟਾਂ ਨੂੰ ਦੂਰ ਕਰਦੀ ਹੈ। ਸੈਨਤ ਭਾਸ਼ਾ ਦੂਜੀਆਂ ਮੌਖਿਕ ਭਾਸ਼ਾਵਾਂ ਵਾਂਗ ਕੁਦਰਤੀ ਤੌਰ 'ਤੇ ਵਿਕਸਤ ਭਾਸ਼ਾ ਹੈ ਅਤੇ ਇਸਨੂੰ ਬੋਲੇ ਲੋਕਾਂ ਦੀ ਮਾਤ-ਭਾਸ਼ਾ ਮੰਨਿਆ ਜਾਂਦਾ ਹੈ।

ਹੋਰ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਾਂਗ, ਸੈਨਤ ਭਾਸ਼ਾ ਦੀ ਵਰਤੋਂ ਪ੍ਰਾਪਤਕਰਤਾਵਾਂ ਤੱਕ ਭਾਵਨਾਵਾਂ, ਵਿਚਾਰਾਂ ਅਤੇ ਹੋਰ ਜਾਣਕਾਰੀ ਪਹੁੰਚਾਉਣ ਲਈ ਵੀ ਕੀਤੀ ਜਾਂਦੀ ਹੈ। ਸੈਨਤ ਭਾਸ਼ਾ ਬੋਲੇ ਲੋਕਾਂ ਨੂੰ ਜਾਣਕਾਰੀ ਸਮਝਣ ਲਈ ਮੌਖਿਕ ਭਾਸ਼ਾ ਨੂੰ ਵਿਜ਼ੂਅਲ-ਮੈਨੂਅਲ ਭਾਸ਼ਾ ਵਿੱਚ ਅਨੁਵਾਦ ਕਰਨ ਲਈ ਵਿਆਖਿਆ ਕਰਦੀ ਹੈ। 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਭਾਰਤ ਵਿੱਚ 13 ਲੱਖ ਤੋਂ ਵੱਧ ਬੋਲੇ ਲੋਕ ਅਤੇ ਇੱਕ ਕਰੋੜ ਤੋਂ ਵੱਧ ਲੋਕਾਂ ਨੂੰ ਸੁਣਨ ਦੀ ਘਾਟ ਵਾਲੇ ਪਾਈ ਗਈ ।

ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਦੀ ਰਿਪੋਰਟ ਦੇ ਅਨੁਸਾਰ, ਦੁਨੀਆ ਭਰ ਵਿੱਚ 2050 ਤੱਕ ਲਗਭਗ 250 ਕਰੋੜ ਵਿਅਕਤੀਆਂ ਨੂੰ ਸੁਣਨ ਸ਼ਕਤੀ ਦੀ ਕੁਝ ਹੱਦ ਤੱਕ ਘਾਟ ਹੋਵੇਗੀ ਅਤੇ ਘੱਟੋ-ਘੱਟ 70 ਕਰੋੜ ਨੂੰ ਸੁਣਨ ਸ਼ਕਤੀ ਦਾ ਮੁੜ ਵਸੇਬਾ ਕਰਨਾ ਪਵੇਗਾ। ਇਸ ਲਈ ਬੋਲੇ ਵਿਅਕਤੀਆਂ ਦੀ ਬਿਹਤਰੀ ਅਤੇ ਉੱਨਤੀ ਲਈ ਵੱਖ-ਵੱਖ ਖੇਤਰਾਂ ਵਿੱਚ ਸੈਨਤ ਭਾਸ਼ਾ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਇੱਕ ਵਾਰ ਸੁਣਨ-ਯੋਗ ਬੱਚੇ ਸੈਨਤ ਭਾਸ਼ਾ ਸਿੱਖ ਲੈਂਦੇ ਹਨ, ਤਾਂ ਇਹ ਉਹਨਾਂ ਨੂੰ ਆਪਣੇ ਵਰਗੇ ਬੋਲੇ ਹਮਰੁਤਬਾ ਨਾਲ ਘੁਲਣ-ਮਿਲਣ ਵਿੱਚ ਮਦਦ ਕਰਦੇ ਹਨ ਜੋ ਅਜਿਹੇ ਵਿਦਆਰਥੀਆਂ ਦੀ ਮੁੱਖ ਧਾਰਾ ਅਤੇ ਸਮਾਵੇਸ਼ੀ ਸਿੱਖਿਆ ਵਿੱਚ ਲਾਭਦਾਇਕ ਹੁੰਦਾ ਹੈ। ਸੈਨਤ ਭਾਸ਼ਾ ਰਾਹੀਂ ਜਾਣਕਾਰੀ ਤੱਕ ਪਹੁੰਚ ਬੋਲੇ ਲੋਕਾਂ ਦਾ ਇੱਕ ਬੁਨਿਆਦੀ ਅਧਿਕਾਰ ਹੈ। ਬੋਲੇ ਲੋਕਾਂ ਨੂੰ ਸੈਨਤ ਭਾਸ਼ਾ ਵਿੱਚ ਵਿਦਅਕ, ਕਿੱਤਾਮੁਖੀ, ਸਮਾਜਿਕ ਅਤੇ ਨਿੱਜੀ ਮਾਰਗਦਰਸ਼ਨ ਪ੍ਰਦਾਨ ਕਰਨਾ ਵੀ ਜ਼ਰੂਰੀ ਹੈ। ਅਜਿਹੇ ਲੋਕਾਂ ਨੂੰ ਸਮਾਜਿਕ ਕਲੰਕ ਅਤੇ ਵਿਤਕਰੇ ਦੇ ਰੂਪ ਵਿੱਚ ਬਹੁਤ ਕੁਝ ਦਾ ਸਾਹਮਣਾ ਕਰਨਾ ਪੈਂਦਾ ਹੈ। ਸਕੂਲਾਂ ਅਤੇ ਕਾਰਜ ਸਥਾਨਾਂ ਵਿੱਚ ਚੁਣੌਤੀ ਦੇਣ ਲਈ ਜਨਤਕ ਥਾਵਾਂ 'ਤੇ ਸੰਕੇਤਾਂ ਦੀ ਅਣਹੋਂਦ ਵਰਗੀਆਂ ਸਹੂਲਤਾਂ ਦੀ ਘਾਟ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ 'ਚ ਮੁਸ਼ਕਲਾਂ ਪੈਦਾ ਕਰਦੀ ਹੈ।

ਸਕੂਲਾਂ ਵਿੱਚ ਸੈਨਤ ਭਾਸ਼ਾ ਦੁਭਾਸ਼ੀਏ ਦੀ ਅਣਹੋਂਦ ਬੋਲੇ ਵਿਅਕਤੀਆਂ ਦੀ ਪੜ੍ਹਾਈ ਵਿੱਚ ਇੱਕ ਮਹੱਤਵਪੂਰਨ ਰੁਕਾਵਟ ਹੈ, ਜਿਸਦੇ ਨਤੀਜੇ ਵਜੋਂ ਜਾਂ ਤਾਂ ਅਜਿਹੇ ਲੋਕ ਅਨਪੜ੍ਹ ਰਹਿੰਦੇ ਹਨ, ਜਾਂ ਉਹ ਪੜ੍ਹਾਈ ਛੱਡਣ ਲਈ ਮਜਬੂਰ ਹੁੰਦੇ ਹਨ। ਸਮਗ੍ਰ ਸਿੱਖਿਆ ਦੇ ਤਹਿਤ, ਬੋਲੇ ਬੱਚਿਆਂ ਨੂੰ ਸੁਣਨ ਦੇ ਚੁਕਵੇਂ ਉਪਕਰਣ ਪ੍ਰਦਾਨ ਕਰਨ ਦੇ ਯਤਨ ਕੀਤੇ ਜਾਣੇ ਚਾਹਿੰਦੇ ਹਨ, ਤਾਂ ਜੋ ਉਹ ਪੜ੍ਹਾਏ ਗਏ ਪਾਠਾਂ ਦਾ ਸਾਹਮਣਾ ਕਰ ਸਕਣ ਅਤੇ ਮੁੱਖ ਧਾਰਾ ਵਿੱਚ ਬਣੇ ਰਹਿ ਸਕਣ।

ਇਹ ਸਮੇਂ ਦੀ ਲੋੜ ਹੈ ਕਿ ਸੈਨਤ ਭਾਸ਼ਾ ਨੂੰ ਜੀਵਨ ਦੇ ਹਰ ਖੇਤਰ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਉਤਸ਼ਾਹਿਤ ਕੀਤਾ ਜਾਵੇ, ਨਾ ਸਿਰਫ਼ ਬੋਲੇ ਲੋਕਾਂ ਅਤੇ ਉਨ੍ਹਾਂ ਲਈ ਕੰਮ ਕਰਨ ਵਾਲੇ ਵਿਅਕਤੀਆਂ ਲਈ, ਸਗੋਂ ਸਮਾਜ ਅਤੇ ਪਰਿਵਾਰ ਦੇ ਉਨ੍ਹਾਂ ਸਾਰੇ ਮੈਂਬਰਾਂ ਲਈ, ਜਿੱਥੇ ਅਜਿਹੇ ਵਿਅਕਤੀ ਰਹਿ ਰਹੇ ਹਨ। ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਗਤੀਵਿਧੀਆਂ ਸਮਾਜ ਦੇ ਨਾਲ-ਨਾਲ ਪਰਿਵਾਰਾਂ ਦੀ ਮਾਨਸਿਕਤਾ ਨੂੰ ਬਦਲਣ ਦਾ ਰਾਹ ਪੱਧਰਾ ਕਰਨਗੀਆਂ, ਜੋ ਬੋਲੇ ਲੋਕਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਅਤੇ ਦੇਸ਼ ਦੀ ਭਲਾਈ ਲਈ ਲੰਬੇ ਸਮੇਂ ਵਿੱਚ ਇੱਕ ਮੀਲ ਪੱਥਰ ਸਾਬਤ ਹੋਣਗੀਆ।

ਸੁਰਜੀਤ ਸਿੰਘ ਫਲੋਰਾ

ਬਾਬਾ ਫ਼ਰੀਦ ਜੀ

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ ”

ਪੰਜਾਬ ਦੀ ਧਰਤੀ ਮੁੱਢ ਤੋਂ ਹੀ ਸੰਤਾਂ, ਦਰਵੇਸ਼ਾਂ ਅਤੇ ਮਹਾਂਪੁਰਖਾਂ ਦੀ ਧਰਤੀ ਰਹੀ ਹੈ। ਇਨ੍ਹਾਂ ਮਹਾਂਪੁਰਖਾਂ ਵਿੱਚੋਂ ਬਾਬਾ ਸ਼ੇਖ ਫਰੀਦੁੱਦੀਂ ਗੰਜੇ ਸ਼ਕਰ ਜੀ ਦਾ ਨਾਮ ਬਹੁਤ ਅਦਬ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹ ਸਿਰਫ਼ ਇਕ ਧਾਰਮਿਕ ਸੰਤ ਹੀ ਨਹੀਂ ਸਗੋਂ ਪੰਜਾਬੀ ਸਾਹਿਤ ਦੇ ਆਦਿ ਕਵੀਆਂ ਵਿੱਚੋਂ ਵੀ ਇਕ ਮੰਨੇ ਜਾਂਦੇ ਹਨ। ਉਨ੍ਹਾਂ ਦੀ ਬਾਣੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਜਿਸ ਕਾਰਨ ਉਹ ਸਿੱਖ ਧਰਮ ਵਿੱਚ ਵੀ ਬਹੁਤ ਉੱਚਾ ਸਥਾਨ ਰੱਖਦੇ ਹਨ।

ਜਨਮ ਤੇ ਬਚਪਨ

ਬਾਬਾ ਫ਼ਰੀਦ ਜੀ ਦਾ ਜਨਮ 1173 ਈਸਵੀ ਵਿੱਚ ਮੌਜੂਦਾ ਪੰਜਾਬ ਦੇ ਮੁਲਤਾਨ ਨੇੜੇ ਕੋਠੇਵਾਲ (ਹੁਣ ਪਾਕਿਸਤਾਨ) ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਸ਼ੈਖ ਜਮਾਲੁੱਦੀਂ ਸੀ ਅਤੇ ਮਾਤਾ ਦਾ ਨਾਮ ਮਰੀਅਮ ਬੀਬੀ ਸੀ। ਬਚਪਨ ਤੋਂ ਹੀ ਉਨ੍ਹਾਂ ਵਿੱਚ ਧਾਰਮਿਕ ਰੁਝਾਨ ਸੀ। ਮਾਤਾ ਉਨ੍ਹਾਂ ਨੂੰ ਨਮਾਜ਼ ਤੇ ਰੋਜ਼ੇ ਵੱਲ ਪ੍ਰੇਰਿਤ ਕਰਦੀ ਸੀ।

ਇੱਕ ਪ੍ਰਸਿੱਧ ਕਹਾਣੀ ਹੈ ਕਿ ਬਚਪਨ ਵਿੱਚ ਮਾਤਾ ਉਨ੍ਹਾਂ ਨੂੰ ਰੋਜ਼ੇ ਰੱਖਣ ਲਈ ਮਿੱਠੇ ਦੀਆਂ ਗੋਲੀਆਂ ਤਕੀਆ ਹੇਠ ਰੱਖਣ ਦਾ ਵਾਅਦਾ ਕਰਦੀ ਸੀ। ਜਦੋਂ ਬਾਬਾ ਜੀ ਨਮਾਜ਼ ਤੇ ਰੋਜ਼ਾ ਰੱਖਦੇ, ਮਾਤਾ ਮਿੱਠਾ ਤਕੀਆ ਹੇਠ ਰੱਖ ਦਿੰਦੀ। ਇਸ ਤਰ੍ਹਾਂ ਉਹ "ਗੰਜੇ ਸ਼ਕਰ" (ਮਿੱਠਿਆਂ ਦਾ ਖਜ਼ਾਨਾ) ਦੇ ਨਾਂ ਨਾਲ ਪ੍ਰਸਿੱਧ ਹੋਏ ਸਨ।

ਸਿੱਖਿਆ ਅਤੇ ਸੂਫ਼ੀ ਪ੍ਰਭਾਵ

‘‘ਫਰੀਦਾ ਜੋ ਤੈ ਮਾਰਨਿ ਮੁਕੀਆਂ,
ਤਿਨ੍ਹਾ ਨਾ ਮਾਰੇ ਘੁੰਮਿ
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥ ”

ਬਾਬਾ ਫ਼ਰੀਦ ਜੀ ਨੇ ਆਪਣੀ ਮੁੱਢਲੀ ਸਿੱਖਿਆ ਮੁਲਤਾਨ ਵਿੱਚ ਪ੍ਰਾਪਤ ਕੀਤੀ। ਉਨ੍ਹਾਂ ਨੇ ਅਰਬੀ, ਫ਼ਾਰਸੀ ਅਤੇ ਇਸਲਾਮੀ ਭਾਸ਼ਾ ਅਤੇ ਬਾਣੀਆਂ ਦਾ ਡੂੰਘਾ ਅਧਿਐਨ ਕੀਤਾ। ਬਾਅਦ ਵਿੱਚ ਉਹ ਸੂਫ਼ੀ ਸੰਤ ਕੁਤਬੁੱਦੀਂ ਬਖ਼ਤਿਆਰ ਕਾਕੀ ਦੇ ਚੇਲੇ ਬਣੇ। ਸੂਫ਼ੀ ਸਿੱਖਿਆ ਦਾ ਕੇਂਦਰ ਪ੍ਰੇਮ, ਇਨਸਾਨੀਅਤ, ਨਿਮਰਤਾ ਅਤੇ ਸਬਰ ਸੀ, ਜੋ ਬਾਬਾ ਫਰੀਦ ਜੀ ਦੀ ਜ਼ਿੰਦਗੀ ਅਤੇ ਬਾਣੀ ਵਿੱਚ ਸਾਫ਼ ਦਿੱਸਦਾ ਹੈ।

‘‘ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖ।
ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥’’

ਬਾਬਾ ਫ਼ਰੀਦ ਜੀ ਨੇ ਅਪਣੀ ਬਾਣੀ ਵਿਚ ਹਮੇਸ਼ਾ ਨਿਮਰਤਾ ਨਾਲ ਰਹਿਣ ਦਾ ਢੰਗ ਦਸਿਆ ਹੈ ਅਤੇ ਉਹਨਾਂ ਬਹੁਤ ਵਿਸਤਾਰ ਨਾਲ ਲੋਕਾਈ ਨੂੰ ਸੇਧ ਦਿੱਤੀ ਹੈ ਕਿ ਰੱਬ ਨੂੰ ਪ੍ਰਾਪਤ ਕਰਨ ਲਈ ਕੋਈ ਹੁਸ਼ਿਆਰੀ, ਝੂਠ ਫਰੇਬ ਨਹੀਂ ਚਲਦਾ ਇਥੇ ਤਾਂ ਅਪਣੀ ਸ਼ਾਨ, ਝੂਠੀ ਹਉਮੇ ,ਆਕੜ ਅਤੇ ਮੈਂ ਮੇਰੀ ਨੂੰ ਮਿੱਟੀ ਵਿਚ ਮਿਲਾਉਣਾ ਪੈਂਦਾ ਹੈ।

ਬਾਬਾ ਫ਼ਰੀਦ ਦੀ ਬਾਣੀ

ਬਾਬਾ ਫ਼ਰੀਦ ਜੀ ਦੀ ਬਾਣੀ ਪੰਜਾਬੀ ਭਾਸ਼ਾ ਵਿੱਚ ਸਭ ਤੋਂ ਪੁਰਾਣੀ ਲਿਖਤੀ ਰਚਨਾਵਾਂ ਵਿੱਚੋਂ ਇੱਕ ਹੈ। ਉਨ੍ਹਾਂ ਦੀ ਬਾਣੀ ਵਿੱਚ ਮਨੁੱਖੀ ਜੀਵਨ ਦੇ ਦੁੱਖ, ਸੰਸਾਰ ਦੀ ਅਸਥਿਰਤਾ ਅਤੇ ਰੱਬ ਨਾਲ ਮਿਲਾਪ ਦੀ ਲਗਨ ਪ੍ਰਗਟ ਹੁੰਦੀ ਹੈ। ਉਨ੍ਹਾਂ ਦੀਆਂ ਸ਼ਬਦਾਵਲੀਆਂ ਸਧਾਰਨ ਜਨਤਾ ਲਈ ਆਸਾਨ ਅਤੇ ਪ੍ਰਭਾਵਸ਼ਾਲੀ ਹਨ।

ਉਨ੍ਹਾਂ ਦੁਆਰਾ ਰਚਿਤ ੧੧੨ ਸਲੋਕ ਅਤੇ ੪ ਸ਼ਬਦ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ।

‘ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥’’

ਇਹ ਸਲੋਕ ਸੱਚਾਈ, ਨਿਮਰਤਾ ਅਤੇ ਰੱਬ ਨਾਲ ਇਕ ਰੂਪ ਹੋਣ ਦੀ ਪ੍ਰੇਰਣਾ ਦਿੰਦੇ ਹਨ। ਬਾਬਾ ਫ਼ਰੀਦ ਜੀ ਆਪਣੇ ਦੁਆਰਾ ਰਚਿਤ ਸਲੋਕਾਂ ਰਾਹੀਂ ਲੋਕਾਂ ਨੂੰ ਸਮਝਾਉਂਦੇ ਹਨ ਕਿ ਪ੍ਰਭੂ ਪ੍ਰਮਾਤਮਾ ਦੀ ਭਗਤੀ ਸਭ ਦੁਨਿਆਵੀ ਰਸਾਂ ਤੋਂ ਉਪਰਲੇ ਰਸਾਂ ਵਿਚੋਂ ਇੱਕ ਹੈ ਅਤੇ ਇਹ ਸ਼ਹਿਦ, ਸ਼ੱਕਰ, ਖੰਡ ਨਾਲੋਂ ਬਹੁਤ ਜ਼ਿਆਦਾ ਮਿੱਠੀ ਹੁੰਦੀ ਹੈ।

ਉਪਦੇਸ਼

ਬਾਬਾ ਫ਼ਰੀਦ ਜੀ ਨੇ ਆਪਣੇ ਜੀਵਨ ਭਰ ਮਨੁੱਖਤਾ, ਪਿਆਰ ਅਤੇ ਭਾਈਚਾਰੇ ਦਾ ਸੁਨੇਹਾ ਦਿੱਤਾ। ਉਹ ਕਹਿੰਦੇ ਸਨ ਕਿ ਜ਼ਿੰਦਗੀ ਅਸਥਿਰ ਹੈ, ਇਸ ਲਈ ਇਨਸਾਨ ਨੂੰ ਅਹੰਕਾਰ, ਲਾਲਚ ਅਤੇ ਵੈਰ-ਵਿਰੋਧ ਤੋਂ ਬਚ ਕੇ ਨਿਮਰਤਾ ਨਾਲ ਜੀਉਣਾ ਚਾਹੀਦਾ ਹੈ।

ਉਨ੍ਹਾਂ ਦੀ ਬਾਣੀ ਹਮੇਸ਼ਾ ਹੀ ਮਨੁੱਖ ਨੂੰ ਕਰਮ-ਕਾਂਡਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੀ ਹੈ। ਉਹ ਭਗਤਾਂ ਨੂੰ ਉਪਦੇਸ਼ ਕਰਦਿਆਂ ਕਹਿੰਦੇ ਸਨ ਕਿ ਪ੍ਰਮਾਤਮਾ ਨੂੰ ਭਾਲਣ ਲਈ ਘਰ ਬਾਰ ਛੱਡ ਕੇ ਜੰਗਲਾਂ, ਪਹਾੜਾਂ, ਉਜਾੜਾਂ ਵਿਚ ਭਟਕਣ ਦੀ ਲੋੜ ਨਹੀਂ ਬਲਕਿ ਪ੍ਰਮਾਤਮਾ ਤਾਂ ਤੁਹਾਡੇ ਹਿਰਦੇ ’ਚ ਵੱਸਦਾ ਹੈ, ਬਸ ਲੋੜ ਹੈ ਉਸ ਨੂੰ ਸਾਧਣ ਦੀ।

‘‘ਫਰੀਦਾ ਜੰਗਲੁ ਜੰਗਲੁ ਕਿਆ ਭਵਹਿ
ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ ”

ਬਾਬਾ ਫ਼ਰੀਦ ਦੀ ਧਰਤੀ

ਬਾਬਾ ਫ਼ਰੀਦ ਜੀ ਨੇ ਆਪਣੀ ਧਾਰਮਿਕ ਕੇਂਦਰੀ ਜਗ੍ਹਾ ਪਾਕ ਪਟਨ (ਮੌਜੂਦਾ ਪਾਕਿਸਤਾਨ) ਵਿੱਚ ਬਣਾਈ। ਇਹ ਧਰਤੀ ਅੱਜ ਵੀ "ਦਰਗਾਹ ਬਾਬਾ ਫਰੀਦ" ਦੇ ਨਾਮ ਨਾਲ ਜਾਣੀ ਜਾਂਦੀ ਹੈ, ਜਿੱਥੇ ਹਰ ਧਰਮ ਅਤੇ ਮਤ ਦੇ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਜਾਂਦੇ ਹਨ।

ਮੌਤ ਅਤੇ ਵਿਰਾਸਤ

ਬਾਬਾ ਫ਼ਰੀਦ ਜੀ ਦਾ ਦੇਹਾਂਤ 1266 ਈਸਵੀ ਵਿੱਚ ਹੋਇਆ। ਬਾਬਾ ਫ਼ਰੀਦ ਜੀ ਦੇ ਪੰਜ ਪੁੱਤਰ ਤੇ ਤਿੰਨ ਪੁੱਤਰੀਆਂ ਸਨ। ਵੱਡੇ ਪੁੱਤਰ ਦਾ ਨਾਮ ਬਦਰੁੱਦੀਨ ਸੁਲੇਮਾਨ ਸੀ ਜੋ ਆਪ ਜੀ ਤੋਂ ਬਾਅਦ ਗੱਦੀ ’ਤੇ ਵਿਰਾਜਮਾਨ ਹੋਇਆ। ਉਨ੍ਹਾਂ ਦੇ ਚੇਲਿਆਂ ਅਤੇ ਅਨੁਯਾਇਆਂ ਨੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਅੱਗੇ ਵਧਾਇਆ। ਬਾਬਾ ਫਰੀਦ ਜੀ ਦੀ ਵਿਰਾਸਤ ਸਿਰਫ਼ ਸੂਫ਼ੀ ਧਰਮ ਤੱਕ ਸੀਮਿਤ ਨਹੀਂ ਰਹੀ, ਸਗੋਂ ਪੰਜਾਬੀ ਸਾਹਿਤ ਅਤੇ ਸਿੱਖ ਧਰਮ ਨੂੰ ਵੀ ਉਹਨਾਂ ਤੋਂ ਪ੍ਰੇਰਨਾ ਮਿਲੀ। ਬਾਬਾ ਫ਼ਰੀਦ ਜੀ ਪੰਜਾਬ ਦੀ ਰੂਹਾਨੀ ਤੇ ਸਾਹਿਤਕ ਧਰੋਹਰ ਦੇ ਆਦਿ ਸੰਤ ਹਨ। ਉਨ੍ਹਾਂ ਦਾ ਸੁਨੇਹਾ ਸਦੀਆਂ ਪੁਰਾਣਾ ਹੋਣ ਦੇ ਬਾਵਜੂਦ ਅੱਜ ਵੀ ਇਨਸਾਨੀ ਜ਼ਿੰਦਗੀ ਲਈ ਪ੍ਰਸੰਗਿਕ ਅਤੇ ਪ੍ਰੇਰਣਾਦਾਇਕ ਹੈ। ਉਹ ਸਾਨੂੰ ਸਿਖਾਉਂਦੇ ਹਨ ਕਿ ਰੱਬ ਦਾ ਦਰਸ ਪਿਆਰ, ਨਿਮਰਤਾ ਅਤੇ ਸੇਵਾ ਦੇ ਰਾਹੀਂ ਹੀ ਮਿਲਦਾ ਹੈ।

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com